# ਮਿਰਾਸੀਆਂ ਦਾ ਪਿਛੋਕੜ ਅਤੇ ਭਾਈ ਮਰਦਾਨਾ

ਸ਼ਮਸ਼ੇਰ ਸਿੰਘ ਅਸ਼ੋਕ



ਗੁਰੂ ਨਾਨਕ ਅਧਿਐਨ ਵਿਭਾਗ

ਗੁਰੂ ਨਾਨਕ ਯੂਨੀਵਰਸਿਟੀ
ਅੰਮ੍ਰਿਤਸਰ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh dhana

# ਮਿਰਾਸੀਆਂ ਦਾ ਪਿਛੋਕੜ ਤੇ ਭਾਈ ਮਰਦਾਨਾ

**ਸ਼ਮਸ਼ੇਰ ਸਿੰਘ ਅਸ਼ੋਕ**

ਰੀਸਰਚ ਸਕਾਲਰ,
ਸਿੱਖ ਰੈਫ਼ਰੈਂਨਸ ਲਾਇਬ੍ਰੇਰੀ,
ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ,
ਅੰਮ੍ਰਿਤਸਰ

ਗੁਰੂ ਨਾਨਕ ਅਧਿਐਨ ਵਿਭਾਗ,

**ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ**

Sri Satguru Jagjit Singh Ji Elibrary NamdhariElibrary@gmail.com

ਮੁਖ ਸੰਪਾਦਕ :

ਪ੍ਰੀਤਮ ਸਿੰਘ
ਗੁਰੂ ਨਾਨਕ ਅਧਿਐਨ ਵਿਭਾਗ,
ਗੁਰੂ ਨਾਨਕ ਯੂਨੀਵਰਸਿਟੀ,
ਅਮ੍ਰਿਤਸਰ

ਪ੍ਰਕਾਸ਼ਕ :

ਕੁਲਦੀਪ ਸਿੰਘ
ਪ੍ਰਕਾਸ਼ਨ ਅਫ਼ਸਰ,
ਗੁਰੂ ਨਾਨਕ ਯੂਨੀਵਰਸਿਟੀ,
ਅਮ੍ਰਿਤਸਰ

ਪਹਿਲੀ ਛਾਪ : ੧੧੦੦
ਜੁਲਾਈ ੧੯੭੩

ਮੁੱਲ : ੨ ਰੁਪਿਆ ੪੦ [illegible]

ਛਾਪਕ :

ਐਸਕਾਰਟ ਪ੍ਰੈਸ,
ਜੀ. ਟੀ. ਰੋਡ,
ਅਮ੍ਰਿਤਸਰ

Sri Satguru Jagjit Singh Ji Elibrary NamdhariElibrary@gmail.com

# ਮਿਰਾਸੀਆਂ ਦਾ ਪਿਛੋਕੜ ਤੇ ਭਾਈ ਮਰਦਾਨਾ

"ਸਾਹਿਤ-...
ਡਾ. ਅਮਰ ਭਾਰ...
ਨਿਜੀ ਪੁਸਤਕਾ...

"ਸਾਹਿਤ-ਮਾਰਤੰਡ"
ਡਾ. ਅਮਰ ਭਾਰਤੀ ਜੀ ਦੇ
ਨਿਜੀ ਪੁਸਤਕਾਲਯ ਵਿਚੋਂ

ਲੇਖਕ  ਦੇ  ਵਿਚਾਰਾ ਨਾਲ ਯੂਨੀਵਰਸਿਟੀ ਦਾ ਸਹਿਮਤ ਹੋਣਾ ਜ਼ਰੂਰੀ ਨਹੀ ਹੈ ।

Sri Satguru Jagjit Singh Ji Elibrary NamdhariElibrary@gmail.com

# ਮੁਖ–ਬੰਧ

ਸ. ਸ਼ਮਸ਼ੇਰ ਸਿੰਘ ਅਸ਼ੋਕ ਸਿੱਖ-ਇਤਿਹਾਸ ਤੇ ਸਾਹਿੱਤ ਦੇ ਬੜੇ ਪ੍ਰਸਿੱਧ ਖੋਜੀ ਹਨ । ਮੈਨੂੰ ਖ਼ੁਸ਼ੀ ਹੈ ਕਿ ਗੁਰੂ ਨਾਨਕ ਅਧਿਐਨ ਵਿਭਾਗ ਨੇ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਕਰਵਾਏ ਜਾ ਰਹੇ ਲੈਕਚਰਾਂ ਦੀ ਲੜੀ ਵਿਚ, ਅਸ਼ੋਕ ਜੀ ਪਾਸੋਂ, ਭਾਈ ਮਰਦਾਨੇ ਤੇ ਉਸ ਦੀ ਜਾਤੀ ਬਾਰੇ ਭਾਸ਼ਣ ਕਰਵਾਇਆ ਹੈ । ਇਸ ਭਾਸ਼ਣ ਦੇ ਛਪਣ ਨਾਲ, ਜਿਸ ਵਿਚ ਵਿਦਵਾਨ ਖੋਜੀ ਨੇ ਕਈ ਨਵੀਆਂ ਗੱਲਾਂ ਸਾਹਮਣੇ ਲਿਆਂਦੀਆਂ ਸਨ, ਇਹ ਸਾਰੀ ਖੋਜ ਪਾਠਕਾਂ ਤਕ ਪਹੁੰਚਣ-ਜੋਗੀ ਹੋ ਜਾਵੇਗੀ ।

ਗੁਰੂ ਨਾਨਕ ਸਾਹਿਬ ਦੀ ਪਾਰਸ-ਛੋਹ ਨੇ ਭਾਈ ਮਰਦਾਨੇ ਦੀ ਸ਼ਖ਼ਸੀਅਤ ਨੂੰ ਸੋਨ-ਸੁਨਹਿਰੀ ਅਮਰਤਾ ਬਖ਼ਸ਼ੀ ਹੈ । ਜਿੱਥੇ ਗੁਰੂ ਸਾਹਿਬ ਦਾ ਪਵਿੱਤਰ ਜ਼ਿਕਰ ਛਿੜਦਾ ਹੈ, ਨਾਲ ਮਰਦਾਨੇ ਦੀ ਕਥਾ ਵੀ ਚੱਲਦੀ ਹੈ । ਜਨਮ-ਸਾਖੀਆਂ ਵਿਚ ਮਰਦਾਨਾ, ਹੋਰ ਗੱਲਾਂ ਦੇ ਨਾਲ ਨਾਲ, ਦੋ ਬੜੇ ਜ਼ਰੂਰੀ ਰੋਲ ਨਿਭਾਉਂਦਾ ਹੈ : ਅਰਸ਼ ਵਿਚ ਫ਼ਰਸ਼ ਦਾ ਜਾਂ ਪਰਮਾਰਥ ਵਿਚ ਯਥਾਰਥ ਦਾ ਚੇਤਾ ਕਰਾਉਣਾ ਤੇ ਗੰਭੀਰਤਾ ਵਿਚ ਖੇੜੇ ਦੀ ਲੋੜ ਬਾਰੇ ਸਚੇਤ ਕਰਨਾ ।

ਮਰਦਾਨਾ ਧਰਤੀ ਦਾ ਜੀਉੜਾ ਹੈ : ਰੱਜਿਆ ਹੋਇਆ ਗੁਣ ਗਾਉਂਦਾ ਹੈ, ਭੁੱਖ ਵੇਲੇ ਆਕੜ ਖੜੋਂਦਾ ਹੈ; ਕੱਲ੍ਹ ਦੇ ਫ਼ਿਕਰ ਵਿਚ ਤੋਸ਼ਾ ਇਕੱਠਾ ਕਰਨ ਦੀ ਸੋਚਦਾ ਹੈ ਅਤੇ ਰੂਪ ਦੇ ਪਹਿਲੇ ਵਾਰ ਨਾਲ ਹੀ ਲੇਲੇ ਵਾਂਗ ਮਿਆਂ ਮਿਆਂ ਕਰਨ ਲੱਗ ਪੈਂਦਾ ਹੈ । ਗੁਰੂ ਸਾਹਿਬ ਉਸ ਦੀ ਇਸ ਮਿਟਿਆਲੀ, ਮਨੂਰੀ ਸ਼ਖ਼ਸੀਅਤ ਨੂੰ ਹੌਲੀ ਹੌਲੀ ਕੁੰਦਨ ਬਣਾਉਂਦੇ ਹਨ ਤੇ ਜਿਸ ਕੀਮੀਆ ਨਾਲ ਉਸ ਦੀ ਸ਼ਖ਼ਸੀਅਤ ਕੁੰਦਨ ਬਣਦੀ ਹੈ, ਉਹ ਸਾਡੇ ਸਾਹਮਣੇ ਹੈ । ਮੇਰਾ ਖ਼ਿਆਲ ਹੈ ਮਰਦਾਨੇ ਦੀ ਸ਼ਖ਼ਸੀਅਤ ਦੇ ਇਸ ਪੱਖ ਨੂੰ ਹੋਰ ਵਧੇਰੇ ਉਜਾਗਰ ਕਰਨ ਦੀ ਲੋੜ ਹੈ ।

ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ ਮੈਂ ਅਸ਼ੋਕ ਜੀ ਦਾ ਇਸ ਉੱਤਮ ਭਾਸ਼ਣ ਲਈ ਧੰਨਵਾਦ ਕਰਦਾ ਹਾਂ । ਮੈਨੂੰ ਆਸ ਹੈ ਅਸ਼ੋਕ ਜੀ ਇਸ ਪਾਸੇ ਵੱਲ ਆਪਣੀ ਖੋਜ ਅਜੇ ਜਾਰੀ ਰੱਖਣਗੇ ।

ਅਮ੍ਰਿਤਸਰ
੨੯ ਜੁਲਾਈ, ੧੯੭੩

ਵਾਈਸ ਚਾਨਸਲਰ

Sri Satguru Jagjit Singh Ji Elibrary NamdhariElibrary@gmail.com

# ਮਿਰਾਸੀਆਂ ਦਾ ਪਿਛੋਕੜ ਤੇ ਭਾਈ ਮਰਦਾਨਾ

ਸਿੱਖ-ਸਾਹਿੱਤ ਤੇ ਇਤਿਹਾਸ ਵਿਚ ਭਾਈ ਮਰਦਾਨੇ ਨੂੰ ਬੜੀ ਭਾਰੀ ਅਹਮੀਅਤ ਪ੍ਰਾਪਤ ਹੈ। ਉਹ ਜਾਤ ਦਾ ਮਿਰਾਸੀ (ਡੂਮ) ਤੇ ਅੱਵਲ ਦਰਜੇ ਦਾ ਗਵਈਆ ਅਥਵਾ ਸੰਗੀਤਕਾਰ ਸੀ। ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁੱਢ ਕਦੀਮ ਦਾ ਸਾਥੀ ਤੇ ਗੁਰੂ ਜੀ ਦੇ ਪਹਿਲੇ ਸਿੱਖਾਂ ਵਿੱਚੋਂ ਹੋਣ ਕਰਕੇ, ਸਿੱਖ ਪੰਥ ਵਿਚ ਜੋ ਦਰਜਾ ਭਾਈ ਮਰਦਾਨੇ ਦਾ ਹੈ, ਉਹ ਹੋਰ ਕਿਸੇ ਹਜ਼ੂਰੀ ਸਿੱਖ ਦਾ ਨਹੀਂ ਮੰਨਿਆ ਜਾ ਸਕਦਾ। ਗੁਰੂ ਨਾਨਕ ਦਾ ਪਹਿਲਾ ਸਾਥੀ ਹੋਣ ਦੇ ਨਾਲ ਹੀ ਭਾਈ ਮਰਦਾਨਾ, ਜਿਵੇਂ ਕਿ ਜਨਮ-ਸਾਖੀ ਗੁਰੂ ਨਾਨਕ (ਭਾਈ ਪੈੜਾ ਮੋਖਾ) ਤੋਂ ਪਤਾ ਲੱਗਦਾ ਹੈ, ਬੇਦੀਆਂ ਦਾ ਮਿਰਾਸੀ ਤੇ ਪਿੰਡ ਤਲਵੰਡੀ ਰਾਇ ਭੋਇ ਭੱਟੀ ਕੀ (ਹੁਣ ਪ੍ਰਸਿੱਧ ਨਗਰ ਨਨਕਾਣਾ ਸਾਹਿਬ), ਜ਼ਿਲਾ ਸ਼ੇਖ਼ੂ ਪੁਰਾ (ਪਾਕਿਸਤਾਨ) ਦਾ ਵਸਨੀਕ ਸੀ। ਗੁਰੂ ਨਾਨਕ ਦੇ ਪਿਤਾ ਮਹਿਤਾ ਕਾਲੂ ਜੀ ਦਾ ਖ਼ਾਨਦਾਨੀ ਮਿਰਾਸੀ ਹੋਣ ਕਰਕੇ ਹੀ, ਉਹ ਗੁਰੂ ਨਾਨਕ ਦੀ ਖ਼ਬਰ-ਸਾਰ ਪੁੱਛਣ ਵਾਸਤੇ ਪਹਿਲੀ ਵੇਰ ਤਲਵੰਡੀਓਂ ਸੁਲਤਾਨਪੁਰ ਲੋਧੀ ਗਿਆ ਤੇ ਫੇਰ ਓਥੇ ਹੀ ਗੁਰੂ ਜੀ ਦੇ ਪਾਸ ਰਹਿ ਗਿਆ। ਉਹ ਗੁਰੂ ਨਾਨਕ ਸਾਹਿਬ ਦਾ ਰਬਾਬੀ, ਕਾਵਯ ਤੇ ਸੰਗੀਤ ਦਾ ਪੂਰਾ ਪੂਰਾ ਮਾਹਿਰ ਤੇ ਦੇਸ਼-ਵਿਦੇਸ਼ ਦੀਆਂ ਚਾਰੇ ਉਦਾਸੀਆਂ ਵਿਚ ਹਮੇਸ਼ਾ ਗੁਰੂ ਜੀ ਦੇ ਅੰਗ-ਸੰਗ ਰਹਿਣ ਵਾਲਾ ਜੀਉੜਾ ਸੀ।

ਇਸੇ ਕਾਰਣ ਪ੍ਰਸਿੱਧ ਸਿੱਖ ਕਵੀ ਭਾਈ ਗੁਰਦਾਸ ਭੱਲੇ ਨੇ ਆਪਣੀ ਪ੍ਰਸਿੱਧ ਪੁਸਤਕ 'ਵਾਰਾਂ ਗਿਆਨ ਰਤਨਾਵਲੀ' ਵਿਚ ਭਾਈ ਮਰਦਾਨੇ ਨੂੰ ਬੜੇ ਮਾਣ-ਸਤਿਕਾਰ ਸਹਿਤ ਇਨ੍ਹਾਂ ਸ਼ਬਦਾਂ ਨਾਲ ਯਾਦ ਕੀਤਾ ਹੈ :

੧. ਬਾਬਾ ਗਿਆ ਬਗਦਾਦ ਨੂੰ, ਬਾਹਰ ਜਾਇ ਕੀਆ ਅਸਥਾਨਾ।
ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ।
(ਵਾਰ ੧)



Sri Satguru Jagjit Singh Ji Elibrary NamdhariElibrary@gmail.com

੨. ਭਲਾ ਰਬਾਬ ਵਜਾਇੰਦਾ, ਮਜਲਿਸ ਮਰਦਾਨਾ ਮੀਰਾਸੀ ।
(ਵਾਰ ੧੧)

ਮਿਰਾਸੀਆਂ ਦਾ ਮੁੱਢ :

ਗੁਣ, ਕਰਮ ਤੇ ਸੁਭਾਉ ਅਨੁਸਾਰ, ਮਿਰਾਸੀ ਅਤੇ ਭੱਟ ਮੁੱਢ ਵਿਚ ਇੱਕੋ ਹੀ ਜਾਤੀ ਨਾਲ ਲਹੂ-ਮਾਸ ਦਾ ਸੰਬੰਧ ਰੱਖਦੇ ਪ੍ਰਤੀਤ ਹੁੰਦੇ ਹਨ। ਹਿੰਦੂ ਰਾਜਪੂਤਾਂ ਵਿਚ, ਜਿਨ੍ਹਾਂ ਲੋਕਾ ਨੂੰ ਭੱਟ ਕਿਹਾ ਜਾਂਦਾ ਹੈ, ਆਮ ਮੁਸਲਮਾਨਾਂ ਵਿਚ ਉਹੋ ਕੁੱਝ ਹੇਰ ਫੇਰ ਪਾ ਕੇ, ਮਿਰਾਸੀ ਅਖਵਾਂਦੇ ਹਨ। ਭੱਟ ਇਕ ਨੀਵੀਂ ਜਾਤ ਦੇ ਬ੍ਰਾਹਮਣ ਤੇ ਛੱਤਰੀਆਂ ਦੇ ਪੁਰੋਹਿਤ ਮੰਨੇ ਜਾਂਦੇ ਹਨ, ਤੇ ਭੱਟਾਂ ਦੇ ਪੁਰੋਹਿਤ ਹਨ ਸਾਰਸਵਤ ਬ੍ਰਾਹਮਣ। ਹੋਰ ਬ੍ਰਾਹਮਣਾਂ ਦੇ ਮੁਕਾਬਲੇ ਉੱਤੇ ਭੱਟਾਂ ਦੇ ਨੀਵੇਂ ਹੋਣ ਦਾ ਕਾਰਣ ਬਹੁਤਾ ਇਹੋ ਹੈ ਕਿ ਉਹ ਸਮਾਜਿਕ ਪੱਧਰ ਤੋਂ ਥੱਲੇ ਡਿਗ ਕੇ ਕਿਸੇ ਸਮੇਂ ਔਰਤਾਂ ਦੇ ਕਰੇਵੇ ਜਾਂ ਵਿਧਵਾ-ਵਿਆਹ ਕਰਨ ਲੱਗ ਪਏ ਸਨ, ਜੋ ਬ੍ਰਾਹਮਣਾਂ ਵਿਚ ਜਾਇਜ਼ ਨਹੀਂ ਸਨ ਮੰਨੇ ਜਾਂਦੇ। ਮਿਰਾਸੀ ਲੋਕ ਮੁਸਲਮਾਨ ਹੋਣ ਕਰਕੇ, ਹੋਰ ਲੋਕਾਂ ਦੀ ਰੀਸੋ ਰੀਸੀ, ਐਂਵੇਂ ਵੱਡੇ ਬਣਨ ਲਈ, ਕੁਰੈਸ਼ੀ ਅਖਵਾਣ ਤੇ ਆਪਣਾ ਸੰਬੰਧ ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦੇ ਨਾਲ ਜੋੜਨ ਲੱਗ ਪਏ ਸਨ, ਇਸ ਲਈ ਉਹ ਮੁਸਲਮਾਨੀ ਰਾਜ ਸਮੇਂ, ਭੱਟਾਂ ਦੇ ਮੁਕਾਬਲੇ ਉੱਤੇ ਉੱਚੇ ਹੋਣ ਦਾ ਦਮ ਭਰਨ ਲੱਗ ਪਏ। 'ਮਿਰਾਸੀ' ਦਾ ਲਫ਼ਜ਼ੀ ਅਰਥ-ਭਾਵ ਹੈ ਮੀਰਾਸ, ਮਾਲਕੀ ਜਾਂ ਵਿਰਾਸਤ ਦੇ ਹੱਕ ਦਾ ਦਾਅਵੇਦਾਰ, ਇਸ ਲਈ ਮਿਰਾਸੀਆਂ ਨੇ, ਇਹੋ ਵਾਰਸੀ ਦਾ ਹੱਕੀ ਦਾਅਵਾ ਸਾਬਤ ਕਰਨ ਲਈ, ਆਪਣਾ ਸੰਬੰਧ, ਤਾਰੀਖ਼ੀ ਪੱਖ ਤੋਂ, ਹਿੰਦੋਸਤਾਨ ਦੀ ਨਿਸਬਤ ਅਰਬ ਦੇਸ਼ ਦੇ ਨਾਲ ਜੋੜਨਾ ਉਚਿਤ ਸਮਝਿਆ। ਇਸ ਤਰ੍ਹਾਂ ਉਹ ਕੁਰੈਸ਼ੀ ਅਖਵਾਣ ਲੱਗ ਪਏ।

ਮਿਰਾਸੀ ਲੋਕ, ਜਿਵੇਂ ਕਿ ਉਨ੍ਹਾਂ ਦਾ ਕਦੀਮੀ ਰਿਵਾਜ ਹੈ, ਹਿੰਦੂ ਭੱਟਾਂ ਵਾਂਗ ਆਪਣੇ ਜਜਮਾਨਾਂ ਦੇ ਕੁਰਸੀ-ਨਾਮੇ ਅਥਵਾ ਬੰਸਾਵਲੀਆਂ, ਕਵਿਤਾ ਵਿਚ ਜੋੜ ਕੇ, ਉੱਚੀ ਹੇਕ ਨਾਲ ਸੁਣਾਉਂਦੇ ਤੇ ਇਨਾਮ ਪਾਉਂਦੇ ਹਨ। ਇਸ ਲਈ ਇਨ੍ਹਾਂ ਦੋਹਾਂ ਜਾਤਾਂ ਨੂੰ, ਭੱਟ ਕਹੋ ਜਾਂ ਮਿਰਾਸੀ, ਮੁੱਢ ਵਿਚ ਗੱਲ ਇੱਕੋ ਹੀ ਹੈ। ਮੀਰਾਸ ਅਥਵਾ ਵਿਰਾਸਤ ਦੇ ਕੁਰਸੀ-ਨਾਮੇ ਅਥਵਾ ਬੰਸ-ਪਰੰਪਰਾ ਦੇ ਹਾਲ ਜ਼ਬਾਨੀ ਚੇਤੇ ਰੱਖਣੇ, ਇਨ੍ਹਾਂ ਦੋਹਾਂ ਜਾਤਾਂ ਦੇ ਮੁੱਢਲੇ ਕੰਮਾਂ ਵਿਚ ਸ਼ਾਮਿਲ ਹਨ।



Sri Satguru Jagjit Singh Ji Elibrary NamdhariElibrary@gmail.com

### ਡੂਮ ਜਾਂ ਡੂਮੜੇ :

ਹਰਿਆਣਾ, ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਦੇ ਇਲਾਕਿਆਂ ਵਿਚ ਡੂਮ ਤੇ ਡੂਮੜਾ ਮਿਰਾਸੀਆਂ ਦੇ ਹੀ ਸਮਾਨ-ਅਰਥਕ ਸ਼ਬਦ ਹਨ। ਪਹਾੜ ਵਿਚ ਡੂਮ-ਮਿਰਾਸੀਆਂ ਦੀਆਂ ਕਈ ਜਾਤਾਂ-ਸਲੋਤਰਾਂ—ਮਾਂਗਲੂ, ਪਰਗਟ, ਚਰਾਹੇ, ਲਲੋਤਰਾ, ਆਦਿ ਮਸ਼ਹੂਰ ਹਨ। ਹਰਿਆਣਾ ਪ੍ਰਾਂਤ ਦੇ ਇਲਾਕਾ ਗੁੜਗਾਉਂ ਵਿਚ ਡੂਮ ਲੋਕ ਅਖੌਤੀ ਨੀਵੀਆਂ ਜਾਤਾਂ ਝੀਵਰ, ਡਕੌਂਤ, ਢੋਂਸੀਂ, ਚਮਾਰ, ਭੰਗੀ, ਜੁਲਾਹੇ ਤੇ ਧਾਣਕ ਲੋਕਾਂ ਪਾਸੋਂ ਭੀਖ ਮੰਗਦੇ ਹਨ, ਪਰ ਪੰਜਾਬ ਦੇ ਡੂਮ-ਮਿਰਾਸੀਆਂ ਵਿਚ, ਜੋ ਆਪਣੇ ਆਪ ਨੂੰ ਉੱਚੀ ਕੁੱਲ ਦੇ ਕੁਰੈਸ਼ੀ ਅਖਵਾਂਦੇ ਹਨ, ਅਜਿਹੇ ਨੀਵੇਂ ਦਰਜੇ ਦੇ ਦਾਨ-ਪੁੰਨ ਹਕਾਰਤ ਦੀ ਨਿਗਾਹ ਨਾਲ ਦੇਖੇ ਜਾਂਦੇ ਹਨ। ਹਿੰਦੁਸਤਾਨੀ ਜ਼ਬਾਨ ਵਿਚ ਭਾਵੇਂ ਡੂਮ ਗਵਈਏ ਦਾ ਹੀ ਦੂਜਾ ਨਾਂ ਹੈ, ਪਰ ਡੂਮਾਂ ਤੇ ਮਿਰਾਸੀਆਂ ਦੀ ਜੀਵਨ-ਪੱਧਰ ਕੁੱਝ ਉੱਚੀ-ਨੀਵੀਂ ਹੋਣ ਕਰਕੇ ਕਈ ਥਾਵੇਂ ਉਨ੍ਹਾਂ ਵਿਚ ਸਮਾਜਿਕ ਪੱਖ ਤੋਂ ਕਾਫ਼ੀ ਫ਼ਰਕ ਵੀ ਪਾਇਆ ਜਾਂਦਾ ਹੈ, ਜੋ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

### ਮਿਰਾਸੀਆਂ ਦੀ ਬੰਸ-ਪਰੰਪਰਾ :

ਮਿਰਾਸੀਆਂ ਦੀ ਪੁਰਾਣੀ ਬੰਸਾਵਲੀ ਅਨੁਸਾਰ, ਜੋ ਇਕ ਦੰਦ-ਕਥਾ ਉੱਤੇ ਆਧਾਰਿਤ ਹੈ, ਉਨ੍ਹਾਂ ਦਾ ਕੁਰਸੀ-ਨਾਮਾ, ਕੁਰੈਸ਼ੀ ਹੋਣਦੇ ਨਾਤੇ, ਹਜ਼ਰਤ ਮੁਹੰਮਦ ਸਾਹਿਬ ਦੇ ਨਾਲ ਇਸ ਤਰ੍ਹਾਂ ਜਾ ਜੁੜਦਾ ਹੈ ਕਿ ਹਜ਼ਰਤ ਦੇ ਵਡੇਰੇ, ਹਜ਼ਰਤ ਅਬਦੁਲ ਮੁਨਾਫ਼ ਤੋਂ ਹਜ਼ਰਤ ਹਾਸ਼ਮ, ਹਜ਼ਰਤ ਹਾਸ਼ਮ ਤੋਂ ਹਜ਼ਰਤ ਮੁਤੱਲਬ ਅਤੇ ਫੇਰ ਹਜ਼ਰਤ ਮੁਤੱਲਿਬ ਦੇ ਤਿੰਨ ਪੁੱਤਰ : (੧) ਹਜ਼ਰਤ ਅਮੀਨ, (੨) ਹਜ਼ਰਤ ਅਬਦੁੱਲਾ ਤੇ (੩) ਹਜ਼ਰਤ ਅਬੂ ਤਾਲਿਬ। ਇਨ੍ਹਾਂ ਵਿੱਚੋਂ ਪਹਿਲੇ ਹਜ਼ਰਤ ਅਮੀਨ ਦੇ ਘਰ ਹਜ਼ਰਤ ਉਕਾਸਾ ਜਾਂ ਕਾਸਾ ਦਾ ਜਨਮ ਹੋਇਆ, ਦੂਜੇ ਭਾਈ, ਹਜ਼ਰਤ ਅਬਦੁੱਲਾ ਦੇ ਘਰ ਹਜ਼ਰਤ ਮੁਹੰਮਦ ਸਾਹਿਬ ਅਤੇ ਤੀਜੇ ਭਾਈ, ਹਜ਼ਰਤ ਅਬੂ ਤਾਲਿਬ ਦੇ ਘਰ ਹਜ਼ਰਤ ਅਲੀ ਪੈਦਾ ਹੋਏ। ਹਜ਼ਰਤ ਮੁਹੰਮਦ ਸਾਹਿਬ ਨੇ ਇਕ ਵੇਰ ਕਿਸੇ ਗੱਲੋਂ ਨਾਰਾਜ਼ ਹੋ ਕੇ ਆਪਣੇ ਤਾਏ ਅਮੀਨ ਦੇ ਪੁੱਤਰ ਹਜ਼ਰਤ ਉਕਾਸਾ ਨੂੰ ਕੋਰੜੇ ਲਗਵਾਏ ਸਨ, ਇਸ ਲਈ ਹਜ਼ਰਤ ਮੁਹੰਮਦ ਸਾਹਿਬ ਅੰਤਲੇ ਦਿਨੀਂ ਜਦ ਮਦੀਨੇ ਪਹੁੰਚੇ ਤਾਂ ਇਕ ਦਿਨ ਸੁਭਾਵਿਕ ਹੀ ਕਹਿਣ ਲੱਗੇ ਕਿ 'ਜੇ ਅਸੀਂ ਕਿਸੇ ਵਿਅਕਤੀ ਦਾ ਬੁਰਾ ਕੀਤਾ ਹੋਵੇ ਤਾਂ ਉਹ ਹੁਣ ਸਾਥੋਂ



Sri Satguru Jagjit Singh Ji Elibrary NamdhariElibrary@gmail.com

ਸਾਹਿਤ-ਮ...
ਡਾ. ਅਮਰ ...
ਨਿਜੀ ਪੁਸਤਕ...

ਆਪਣਾ ਬਦਲਾ ਲੈ ਸਕਦਾ ਹੈ ।' ਇਹ ਬਚਨ ਸੁਣ ਕੇ ਹਜ਼ਰਤ ਅਮੀਨ ਦੇ ਪੁੱਤਰ ਉਕਾਸ਼ਾ ਨੇ ਕਿਹਾ ਕਿ 'ਹਜ਼ਰਤ ! ਜਿਵੇਂ ਤੁਸੀਂ ਉਸ ਦਿਨ ਮੈਨੂੰ ਕੋਰੜੇ ਲਗਵਾਏ ਸਨ, ਤਿਵੇਂ ਆਪਣੀ ਪਿੱਠ ਨੰਗੀ ਕਰ ਦਿਓ ਤਾਂ ਕਿ ਮੈਂ ਵੀ ਉਸੇ ਤਰ੍ਹਾਂ ਬਦਲਾ ਲੈ ਸਕਾਂ ।' ਉਕਾਸਾ ਦੇ ਕਹਿਣ ਤੇ ਹਜ਼ਰਤ ਮੁਹੰਮਦ ਸਾਹਿਬ ਨੇ ਫੋਰਨ ਆਪਣੀ ਪਿੱਠ ਨੰਗੀ ਕਰ ਦਿੱਤੀ ਪਰ ਅੱਗੋਂ ਉਕਾਸਾ ਦਾ ਮਨ ਉਸੇ ਵੇਲੇ ਬਦਲ ਗਿਆ, ਜਿਸ ਕਰਕੇ ਉਸ ਨੇ ਬਦਲਾ ਲੈਣ ਦੀ ਥਾਵੇਂ, ਬੜੇ ਅਦਬ ਨਾਲ, ਹਜ਼ਰਤ ਦੀ ਪਿੱਠ ਚੁੰਮ ਲਈ ਤੇ ਬੜੀ ਉੱਚੀ ਹੇਕ ਨਾਲ ਹਜ਼ਰਤ ਮੁਹੰਮਦ ਸਾਹਿਬ ਦੇ ਇਸ ਇਨਸਾਫ਼ ਦੀ ਮਹਿਮਾ ਗਾ ਕੇ ਸੁਣਾਈ । ਬੱਸ, ਫੇਰ ਕੀ ਸੀ, ਇਸ ਤੋਂ ਪਿੱਛੋਂ ਹਜ਼ਰਤ ਉਕਾਸਾ ਦੇ ਖ਼ਾਨਦਾਨ ਵਿਚ ਇਹੋ ਉਸਤਤ ਕਰਨ ਦਾ ਰਿਵਾਜ ਚੱਲ ਪਿਆ ਤੇ ਉਸ ਦੇ ਪੁੱਤਰ-ਪੋਤਰੇ ਵੱਡੇ ਆਦਮੀਆਂ ਦਾ ਜਸ ਗਾ ਕੇ ਸੁਣਾਉਣ ਲੱਗ ਪਏ ।

ਇਸੇ ਤਰ੍ਹਾਂ ਮਿਰਾਸੀਆਂ ਦਾ ਕੁਰੈਸ਼-ਬੰਸ ਨਾਲ ਸੰਬੰਧ ਜੋੜਨ ਵਾਲੀਆਂ ਇਕ ਦੋ ਦੰਦ-ਕਥਾਵਾਂ ਹੋਰ ਵੀ ਹਨ, ਜਿਨ੍ਹਾਂ ਵਿੱਚੋਂ ਇਕ ਇਹ ਹੈ ਕਿ ਜਦ ਹਜ਼ਰਤ ਮੁਹੰਮਦ ਸਾਹਿਬ ਨੂੰ ਖ਼ੈਬਰ ਦੇ ਜੰਗ ਵਿਚ ਹਾਰ ਹੋਈ ਤਾਂ ਉਨ੍ਹਾਂ ਦੇ ਭਤੀਜੇ ਉਕਾਸਾ ਨੇ ਪਰਿਵਾਰ ਸਮੇਤ ਅਰਬ ਤੋਂ ਨੱਸ ਕੇ ਪੰਜਾਬ ਵਿਚ ਪਨਾਹ ਲਈ ਸੀ । ਇਸ ਦੇ ਨਾਲ ਹੀ ਦੂਜੀ ਅਖੌਤ ਹੈ ਕਿ ਹਜ਼ਰਤ ਹੁਸੈਨ ਦੀ ਸ਼ਹੀਦੀ ਤੋਂ ਬਾਦ, ਅਰਬ ਤੋਂ ਚੱਲ ਕੇ ਹਜ਼ਰਤ ਉਕਾਸਾ ਦਾ ਖ਼ਾਨਦਾਨ, ਹਜ਼ਰਤ ਬੀਬੀ ਪਾਕ ਦਾਮਨ ਸਮੇਤ ਲਾਹੌਰ ਆ ਟਿਕਿਆ । ਇਸ ਦੇ ਨਾਲ ਹੀ ਇਕ ਰਵਾਇਤ ਇਹ ਵੀ ਹੈ ਕਿ ਹਜ਼ਰਤ ਉਕਾਸਾ ਦਾ ਖ਼ਾਨਦਾਨ, ਸਮੇਂ ਦੇ ਫੇਰ ਨਾਲ, ਪਹਿਲਾਂ ਅਰਬ ਤੋਂ ਚੱਲ ਕੇ ਈਰਾਨ ਤੇ ਫੇਰ ਈਰਾਨ ਤੋਂ ਖ਼ਾਜਾ ਮੁਈਨੂਦ-ਦੀਨ ਚਿਸ਼ਤੀ ਅਜਮੇਰੀ ਦੇ ਨਾਲ ਰਾਜਸਥਾਨ ਪਹੁੰਚਿਆ, ਜਿਸ ਤੋਂ ਏਥੇ ਮਿਰਾਸੀ ਖ਼ਾਨਦਾਨ ਦਾ ਮੁੱਢ ਬੱਝਿਆ ।

ਇਹ ਦੰਦ-ਕਥਾਵਾਂ ਕਿੱਥੋਂ ਤਕ ਸਹੀ ਹਨ, ਇਸ ਬਾਰੇ ਪੱਕੇ ਭਰੋਸੇ ਨਾਲ ਕੁੱਝ ਕਿਹਾ ਨਹੀਂ ਜਾ ਸਕਦਾ । ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਮਿਰਾਸੀ ਲੋਕ ਚਾਹੇ ਏਥੇ ਕਿਤੋਂ ਵੀ ਆ ਕੇ ਵੱਸੇ, ਪਰ ਉਹ ਇਸ ਦੇਸ਼ ਦੇ ਨਾਲ ਲਹੂ-ਮਾਸ ਦਾ ਸੰਬੰਧ ਜ਼ਰੂਰ ਰੱਖਦੇ ਹਨ ।

ਗੁਣ, ਕਰਮ ਤੇ ਸੁਭਾਉ ਅਨੁਸਾਰ ਮਿਰਾਸੀ ਤੇ ਭੱਟ, ਜੋ ਦਰ-ਅਸਲ ਸਮਾਨ ਹੀ



Sri Satguru Jagjit Singh Ji Elibrary NamdhariElibrary@gmail.com

ਹਨ, ਚਾਹੇ ਆਪਣੇ ਆਪ ਨੂੰ ਉੱਚੇ-ਸੁੱਚੇ ਦੱਸ ਕੇ ਕਿਸੇ ਵੀ ਖ਼ਾਨਦਾਨ ਨਾਲ ਜੋੜਨ, ਪਰ ਉਨ੍ਹਾਂ ਵਿੱਚੋਂ ਮਿਰਾਸੀ-ਪੁਣਾ ਤੇ ਭੱਟ-ਪੁਣਾ, ਜਿਸ ਦੀ ਕਿਸੇ ਬੰਦੀ ਜਨ ਸ਼ਰੇਣੀ ਤੋਂ ਵਧ ਹੈਸੀਅਤ ਨਹੀ ਹੈ, ਕਿਵੇਂ ਦੂਰ ਹੋ ਸਕਦਾ ਹੈ, ਇਹ ਗੱਲ ਬੜੀ ਸੋਚਣ ਵਾਲੀ ਹੈ। ਗੁਰਬਾਣੀ ਦੇ ਕਥਨ ਅਨੁਸਾਰ 'ਜਾਤੀ ਦੈ ਕਿਆ ਹਥਿ ਸਚੁ ਪਰਖੀਐ' ਅਥਵਾ 'ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ' ਦੇ ਸੁਨਹਿਰੀ ਅਸੂਲ ਨੂੰ ਜੇ ਅਮਲੀ ਤੌਰ ਉੱਤੇ ਵਰਤੋਂ ਵਿਚ ਲਿਆਂਦਾ ਜਾਵੇ ਤਾਂ ਇਸ ਔਕੜ ਦਾ ਨਿਪਟਾਰਾ ਸਹਿਜੇ ਹੀ ਹੋ ਸਕਦਾ ਹੈ। ਇਕ ਪੰਜਾਬੀ ਅਖਾਣ ਦੇ ਮੁਤਾਬਿਕ ਜਾਤਾਂ ਹਮੇਸ਼ਾ ਨਵੀਆਂ ਤੋਂ ਨਵੀਆਂ ਬਣਦੀਆਂ ਤੇ ਫੇਰ ਨਵੇਂ ਰੂਪ ਵਿਚ ਵਟੀਜਦੀਆਂ ਰਹਿੰਦੀਆਂ ਹਨ, ਜਿਵੇਂ ਕਿ ਕਥਨ ਹੈ :

ਪਹਿਲਾਂ ਸੀ ਅਸੀਂ ਖ਼ਾਸ ਜੁਲਾਹੇ, ਫੇਰ ਬਣ ਗਏ ਦਰਜੀ,
ਹੌਲੀ ਹੌਲੀ ਹੋ ਗਏ ਸੱਯਦ, ਅੱਗੇ ਰੱਬ ਦੀ ਮਰਜੀ !

ਜਾਤ-ਪਰਿਵਰਤਨ ਦੇ ਇਸ ਵਿਵਾਦ ਨੂੰ ਏਥੇ ਨਾ ਛੇੜਨਾ ਹੀ ਲਾਭਦਾਇਕ ਹੈ।

## ਡੂਮਾਂ-ਮਿਰਾਸੀਆਂ ਤੇ ਭੱਟਾਂ ਦੇ ਜਾਤੀ-ਸੁਭਾਉ :

ਜਿਵੇਂ ਕਿ ਦੁਨੀਆ ਦਾ ਆਮ ਕਦੀਮੀ ਰਿਵਾਜ ਹੈ, ਸੁਭਾਵਿਕ ਅਮੀਰੀ-ਗ਼ਰੀਬੀ ਦੇ ਕਾਰਣ ਕਿਸੇ ਵੀ ਜਨ-ਸਮੁਦਾਇ ਦੇ ਸੁਭਾਉ ਜਾਂ ਵਰਤਾਉ ਵਿਚ ਫ਼ਰਕ ਹੋਣਾ ਇਕ ਕੁਦਰਤੀ ਗੱਲ ਹੈ। ਡੂਮ-ਮਿਰਾਸੀ ਤੇ ਭੱਟ ਵੀ ਕਿਉਂਕਿ ਸ਼ੁਰੂ ਤੋਂ ਹੀ ਆਪਣੇ ਜਜਮਾਨਾਂ ਦੇ ਕੁਰਸੀ-ਨਾਮੇ ਪੜ੍ਹਦੇ, ਵੱਡੇ ਘਰਾਂ ਦੀ ਉਪਮਾ ਦੇ ਪੁਲ ਬੰਨ੍ਹਦੇ, ਤੇ ਯੋਧਿਆਂ ਦੇ ਜੰਗੀ ਕਾਰਨਾਮੇ ਵਾਰਾਂ ਦੀ ਸ਼ਕਲ ਵਿਚ ਗਾ ਕੇ ਸੁਣਾਉਂਦੇ ਰਹੇ ਹਨ, ਇਸ ਲਈ ਇਸ ਉਪਮਾ ਬਦਲੇ ਇਨਾਮ ਲੈਣੇ, ਮੰਗ ਤੰਗ ਕੇ ਖਾਣਾ ਤੇ ਦਾਨ-ਪੁੰਨ ਦੇ ਸਹਾਰੇ ਸਮਾਂ ਗੁਜ਼ਾਰਨਾ, ਆਦਿ ਉਨ੍ਹਾਂ ਦੀ ਕੁਦਰਤੀ ਆਦਤ ਬਣ ਗਈ ਹੈ, ਜਿਸ ਤੋਂ ਉਹ ਹਟ ਨਹੀਂ ਸਕਦੇ। ਮਿਰਾਸੀ, ਭੱਟ ਜਾਂ ਢਾਡੀ ਲੋਕ, ਅਕਸਰ ਇਨਾਮਾਂ ਦੀ ਲੈਣ-ਦੇਤ ਸਮੇਂ, ਉਚਿਤ ਮੁਆਵਜ਼ਾ ਨਾ ਮਿਲਦਾ ਦੇਖ ਕੇ, ਕਈ ਵਾਰ, ਕੁੱਝ ਵਿੱਟਰ ਬੈਠਦੇ ਹਨ, ਜਿਸ ਕਰਕੇ ਅਨੇਕਾਂ ਸਰਦੇ-ਪੁੱਜਦੇ ਜਾਂ ਧਨੀ ਮਾਨੀ ਲੋਕ ਵੀ ਉਨ੍ਹਾਂ ਦੀ ਨਿੰਦਾ ਤੋਂ ਡਰਦੇ ਹਨ; ਇਸੇ ਕਾਰਨ ਉਨ੍ਹਾਂ ਨੂੰ ਆਪਣੇ ਪੱਲਿਓਂ ਕੁੱਝ ਦੇ ਦਿਵਾ ਕੇ ਅੱਗੇ ਤੋਰ ਦੇਣਾ ਹੀ ਮੁਨਾਸਿਬ ਸਮਝਦੇ ਹਨ। ਪਰ, ਫੇਰ ਵੀ, ਕਈ ਆਪ-ਹੁਦਰੇ, ਸੂਮ ਜਾਂ ਲੀਚੜ ਸੁਭਾਉ ਦੇ ਦਾਨੀ



Sri Satguru Jagjit Singh Ji Elibrary NamdhariElibrary@gmail.com

ਜਜਮਾਨ ਉਨ੍ਹਾਂ ਨੂੰ ਐਵੇਂ ਕੋਈ ਘਟੀਆ ਚੀਜ਼ ਦੇ ਕੇ ਆਪਣੇ ਗਲੋਂ ਲਾਹੁਣ ਦਾ ਜਤਨ ਭੀ ਕੀਤਾ ਕਰਦੇ ਹਨ, ਜਿਸ ਕਰਕੇ ਡੂਮ-ਮਿਰਾਸੀ ਜਾਂ ਭੱਟ ਉਨ੍ਹਾਂ ਦੀ ਇਸ ਚਲਾਕੀ ਤੋਂ ਤੰਗ ਆ ਕੇ ਉਨ੍ਹਾਂ ਦੇ ਇਸ ਅਖੌਤੀ ਦਾਨੀ ਸੁਭਾਉ ਦਾ ਪਾਜ ਉਘੇੜਨ ਵਿਚ ਢਿੱਲ ਨਹੀਂ ਕਰਦੇ। ਇਕ ਹਾਸ-ਰਸੀ ਪ੍ਰਮਾਣ ਹੈ :

ਸੂਮ ਜਜਮਾਨ ਨੇ ਭੱਟ ਕੋ ਭੈਂਸ ਦੀ, ਭੈਂਸ ਨਹੀਂ ਕੋਈ ਦੈਂਤ ਧਾਇਆ।
ਹੱਡ ਖੜ ਖੜ ਕਰੇ, ਸਿੰਗ ਦਰ ਪਰ ਅੜੇ, ਛੰਨ ਕਾ ਫੂਸ ਸਭ ਖੋਸ ਖਾਇਆ।
ਖਾਨ ਕੀ ਵੇਰ ਤੋ ਦੌਰ ਦੌਰ ਆਵਤੀ, ਦੂਧ ਕੀ ਵੇਰ ਸੰਕਲਪ ਪਾਇਆ।
ਉੱਠ ਨੀ ਭੱਟਣੀ, ਚੱਕ ਲੈ ਵੱਟਣੀ, ਭੈਂਸ ਕੇ ਮੂਤ ਕਾ ਹੜ੍ਹ ਆਇਆ!

ਭੱਟਾਂ ਵਾਂਗੂ, ਡੂਮ ਤੇ ਮਿਰਾਸੀ ਵੀ ਆਪਣੇ ਜਜਮਾਨਾਂ ਦਾ ਗੁੱਡਾ ਬੰਨ੍ਹਣ ਵਿਚ ਢਿੱਲ ਨਹੀਂ ਕਰਦੇ, ਜਿਵੇਂ ਕਿ ਮਾਝਾ ਰਿਆੜਕੀ ਦੇ ਇਕ ਮਿਰਾਸੀ ਤੇ ਉਸ ਜਜਮਾਨ ਚੌਧਰੀ ਰੂੜੇ ਚਾਹਿਲ ਦੇ ਹਾਸ-ਰਸੀ ਵਾਰਤਾਲਾਪ ਤੋਂ ਇਸ ਦਾ ਪਤਾ ਲਗਦਾ ਹੈ :

ਮਿਰਾਸੀ—ਤੇਰਾ ਅਕਥਰ ਜਿਹਾ ਸਤਾਰਾ ਪਰਭਾ ਰੂੜਿਆ।
ਚੌਧਰੀ—ਉੱਤੋਂ ਵਹੇ ਨ ਦਾਰਾ, ਦੇਖੀਂ ਪਰੇ ਹੱਟ।
ਮਿਰਾਸੀ—ਤੇਰਾ ਚੰਨ ਜਿਹਾ ਚਮਕਾਰਾ, ਪਰਭਾ ਰੂੜਿਆ।
ਚੌਧਰੀ—ਮੇਰਾ ਦੀਵੇ ਦਾ ਲਿਸ਼ਕਾਰਾ, ਉਹ ਵੀ ਘਰੇ ਵਿਚ।
ਮਿਰਾਸੀ—ਦੇਵੀਂ ਘੋੜਾ ਤੇਜ਼ ਕਰਾਰਾ, ਪਰਭਾ ਰੂੜਿਆ।
ਚੌਧਰੀ—ਦੇਵਾਂ ਇਕੋ ਭੋਹ ਦਾ ਖਾਰਾ, ਉਹ ਵੀ ਰੁੱਤ ਸਿਰ।
ਮਿਰਾਸੀ—ਤੈਨੂੰ ਭੰਡ ਕਰਾਂ ਜਗ ਖੁਆਰਾ, ਪਰਭਾ ਰੂੜਿਆ।
ਚੌਧਰੀ—ਖੰਡਾ ਮਾਰ ਦੁਧਾਰਾ, ਵੱਢਾਂ ਤੁੱਧ ਨੂੰ।
ਮਿਰਾਸੀ—ਅੱਛਾ ਚੱਲਿਆ ਮੀਰ ਵਿਚਾਰਾ, ਖਾਲੀ ਹੱਥ ਹੀ।
ਰੱਖੀਂ ਹੇ ਕਰਤਾਰਾ, ਰੂੜੇ ਪਰਭ ਤੋਂ।
ਚੌਧਰੀ—ਜਾਹ, ਕੌਣ ਬਣੇ ਹਤਿਆਰਾ, ਰੋਕੇ ਤੁੱਧ ਨੂੰ॥

ਇਸੇ ਕਾਰਣ ਕਿਸੇ ਨੀਤੀਵਾਨ ਦਾ ਕਥਨ ਹੈ ਕਿ ਰਾਹ-ਜਾਂਦੇ ਡੂਮ ਜਾਂ ਮਿਰਾਸੀ ਨੂੰ ਛੇੜਨਾ ਅਕਲਮੰਦਾਂ ਦਾ ਕੰਮ ਨਹੀਂ, ਉਸ ਤੋਂ ਬਚ ਕੇ ਚੱਲਣਾ ਹੀ ਜੋਗ ਹੈ।



Sri Satguru Jagjit Singh Ji Elibrary NamdhariElibrary@gmail.com

## ਡੂਮਾਂ–ਮਿਰਾਸੀਆਂ ਬਾਰੇ ਸੁਭਾਵਿਕ ਅਖਾਣ :

ਪੰਜਾਬ ਵਿਚ, ਭੱਟਾਂ ਵਾਂਗੂੰ, ਡੂਮ ਤੇ ਮਿਰਾਸੀ ਚੂੰਕਿ ਲੋਕਾਂ ਦੇ ਦਾਨ-ਸਨਮਾਨ ਦੇ ਸਹਾਰੇ ਹੀ ਜੀਉਂਦੇ ਸਨ, ਇਸ ਲਈ ਉਨ੍ਹਾਂ ਦੇ ਪ੍ਰਕ੍ਰਿਤੀਗਤ ਵਿੰਗੇ-ਟੇਢੇ ਸੁਭਾਉ ਨੂੰ ਮੁੱਖ ਰੱਖ ਕੇ, ਕਈ ਪ੍ਰਕਾਰ ਦੇ ਪੰਜਾਬੀ ਲੋਕ-ਅਖਾਣ ਪ੍ਰਚਲਿਤ ਹਨ, ਜਿਵੇਂ :

(੧) ਦੇਵਣ ਦੇ ਦਿਨ ਨਾ ਜੰਮੀ ਚਾਰ ਕੌਮ ।
ਮੁੱਲਾਂ, ਭੱਟ, ਬ੍ਰਾਹਮਣ ਤੇ ਡੋਮ ।

(੨) ਮੁਰਗੀ ਮਿਰਾਸੀਆਂ ਦੀ, ਮੁਜਰਾ ਲੰਬੜਦਾਰ ਦਾ ।

(੩) ਡੂਮ ਨਹੀਂ ਬੇਲੀ ਤੇ ਕਿੰਗ ਨਹੀਂ ਹਥਿਆਰ ।

(੪) ਬੁੱਢੀ ਹੋ ਨਿੱਸਰੀ ਡੂਮਾਂ ਦੀ ਜੁਆਰ ।

(੫) ਡੂਮਣੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ ।

(੬) ਡੂਮਾਂ ਘਰ ਵਿਆਹ, ਜਿਵੇਂ ਭਾਵੇ ਤਿਵੇਂ ਗਾ ।

(੭) ਤਾਲੋਂ ਘੁੱਥੀ ਡੂਮਣੀ, ਗਾਵੇ ਆਲ ਪਤਾਲ ।

(੮) ਅਕਲੋਂ ਖੁੰਝੀ ਡੂਮਣੀ, ਸੁਰਮਾ ਪਾਵੇ ਨੱਕ ।

ਇਸੇ ਤਰ੍ਹਾਂ ਪੰਜਾਬੀ ਦੇ ਪ੍ਰਸਿੱਧ ਕਵੀ ਸੱਯਦ ਵਾਰਿਸ ਸ਼ਾਹ ਨੇ ਵੀ ਕਿਸੇ ਗੱਲੋਂ ਚਿੜ ਕੇ ਬੜੇ ਗੁੱਸੇ ਨਾਲ ਡੂਮਾਂ ਦੇ ਨਾਲ ਹੀ ਕਈ ਹੋਰ ਜਾਤਾਂ ਨੂੰ ਵੀ ਬੜੇ ਕਰੜੇ ਸ਼ਬਦਾਂ ਵਿਚ ਨਿੰਦਿਆ ਹੈ, ਜਿਵੇਂ :

ਡੂਮਾਂ, ਕੰਜਰਾਂ, ਰਾਵਲਾਂ, ਜੱਟੀਆਂ ਦੀਆਂ,
ਜੀਭਾਂ ਧੁਰੋਂ ਸ਼ੈਤਾਨ ਨੇ ਚੱਟੀਆਂ ਨੀ ।
(ਹੀਰ ਵਾਰਿਸ ਸ਼ਾਹ)

## ਡੂਮਾਂ–ਮਿਰਾਸੀਆਂ ਦੇ ਜਾਤ–ਗੋਤ ਤੇ ਕੰਮ :

ਜਿਵੇਂ ਕਿ ਭਾਰਤੀ ਜਾਤਾਂ-ਗੋਤਾਂ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ, ਪੰਜਾਬ ਦੇ ਮਿਰਾਸੀ ਤੇ ਡੂਮ ਛੇ ਸ਼੍ਰੇਣੀਆਂ ਵਿਚ ਵੰਡੇ ਹੋਏ ਹਨ, ਜਿਵੇਂ (੧) ਪਿਰਹਿਨ (੨) ਮਿਰਾਸੀ (੩) ਕਲਾਵੰਤ ਜਾਂ ਕਲੌਂਤ (੪) ਸਰੋਦੀ (੫) ਢਾਡੀ ਤੇ (੬) ਭੰਡ



Sri Satguru Jagjit Singh Ji Elibrary NamdhariElibrary@gmail.com

ਅਥਵਾ ਨਕਲੀਏ। ਇਨ੍ਹਾਂ ਦੇ ਸੱਤ ਪ੍ਰਮੁਖ ਗੋਤ ਹਨ—(੧) ਪਿਪਲਾਨੀ, (੨) ਸਜਾਨੀ, (੩) ਚੁਚਾਨੀ, (੪) ਸਿਧਾਰ, (੫) ਮੰਗਾ, (੬) ਮੀਰ ਮਿਰਾਸੀ ਤੇ (੭) ਪੌਸਲਾ। ਇਹੋ ਜਾਤ-ਗੋਤ ਪਠਾਣਾਂ ਦੇ ਇਲਾਕੇ ਪਿਸ਼ਾਵਰ, ਬੰਨੂ, ਕੋਹਾਟ, ਆਦਿ ਵਿਚ, ਪਠਾਣਾਂ ਦੀਆਂ ਹੋਰ ਜਾਤਾਂ ਵਾਂਗੂੰ ਹੀ, ਬਰਾਇਦ ਖੇਲ, ਪੰਡੀ ਖੇਲ, ਪੰਜੂ ਖੇਲ, ਸੁਲਤਾਨੀ ਖੇਲ, ਹਲੀਮ ਖੇਲ ਆਦਿ ਗੋਤਾਂ ਵਿਚ ਵੰਡੇ ਹੋਏ ਹਨ। ਮੀਰ ਮਿਰਾਸੀਆਂ ਦੀ ਹੀ ਇਕ ਸ਼ਾਖ ਹੈ ਰਾਇ ਮਿਰਾਸੀ, ਉਹ ਠੀਕ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਭੱਟਾਂ ਵਿਚ ਰਾਇ ਭੱਟ, ਬ੍ਰਹਮ ਭੱਟ, ਆਦਿ ਜਾਤ-ਸਨਾਤਾਂ ਮਸ਼ਹੂਰ ਹਨ। ਇਸੇ ਕਾਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ 'ਰਾਗ ਰਾਮ ਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ' ਸਿਰਲੇਖ ਹੇਠ ਭਾਈ ਬਲਵੰਡ ਮਿਰਾਸੀ ਨੂੰ ਰਾਇ ਬਲਵੰਡ ਲਿਖਿਆ ਹੈ। ਬ੍ਰਾਹਮਣਾਂ ਵਿਚ ਵੀ ਜਿਸ ਤਰ੍ਹਾਂ ਗੌੜ ਬ੍ਰਾਹਮਣ, ਚਮਰੂਏ ਬ੍ਰਾਹਮਣ (ਚਮਾਰਾਂ ਦੇ ਪੁਰੋਹਿਤ) ਆਦਿ ਨਿੱਕੀਆਂ ਮੋਟੀਆਂ ਜਾਤਾਂ ਮਸ਼ਹੂਰ ਹਨ, ਉਸੇ ਤਰ੍ਹਾਂ ਮਿਰਾਸੀਆਂ ਵਿਚ ਕਮਾਚੀ ਡੂਮ, ਬ੍ਰਾਹਮਣਾਂ ਦੇ ਮਿਰਾਸੀ, ਕੰਨਸ ਡੂਮ, ਭੰਗੀਆਂ ਦੇ ਮਿਰਾਸੀ ਤੇ ਮੀਰ ਮੰਗਾ ਜਾਂ ਮੀਰ ਮਲੰਗ, ਮਿਰਾਸੀਆਂ ਦੇ ਮਿਰਾਸੀ ਮੰਨੇ ਜਾਂਦੇ ਹਨ। ਰਾਜਸਥਾਨ ਦੇ ਚਾਰਣ ਤੇ ਭਗਤੀਏ (ਨੱਕਾਲ) ਇਨ੍ਹਾਂ ਹੀ ਮਿਰਾਸੀਆਂ ਦੇ ਗੱਦੀ-ਨਸ਼ੀਨ ਮੰਨੇ ਜਾਂਦੇ ਹਨ।

ਨਾਈਆਂ ਤੇ ਬ੍ਰਾਹਮਣਾਂ ਵਾਂਗੂੰ ਮਿਰਾਸੀ ਲੋਕ ਵੀ ਕਿਉਂਕਿ ਕਿਸਾਨਾਂ ਦੇ ਸਿਰੋਂ ਹੀ ਪਲਦੇ ਸਨ, ਇਸ ਲਈ ਉਹ ਮੁੱਢ ਕਦੀਮ ਤੋਂ ਕਿਸਾਨਾਂ ਦੇ ਘਰੀਂ ਵਿਆਹ-ਸ਼ਾਦੀਆਂ ਵਿਚ, ਬੱਚਿਆਂ ਦੇ ਜਨਮ ਸਮੇਂ ਤੇ ਹੋਰ ਮਰਨੇ-ਪਰਨੇ ਵਰਗੇ, ਹਰ ਕਿਸਮ ਦੇ ਹਰਖ-ਸੋਗ ਸਮੇਂ, ਆਪਣੇ ਜਜਮਾਨਾਂ ਦਾ ਸਾਥ ਦਿੰਦੇ ਆਏ ਹਨ, ਜਿਸ ਕਰਕੇ ਵਿਆਹ ਸ਼ਾਦੀਆਂ ਦੀਆਂ ਗੰਢਾਂ ਦੂਰ-ਨੇੜੇ ਲਿਜਾਣੀਆਂ, ਕਿਸੇ ਵਿਅਕਤੀ ਦੇ ਮਰਨ ਤੇ ਉਸ ਦੀ ਸੋਗ ਭਰੀ ਸੁਣਾਉਣੀ ਲੈ ਕੇ ਕਿਸੇ ਪਿੰਡ ਜਾਣਾ, ਉਨ੍ਹਾਂ ਦੀਆਂ ਜ਼ਨਾਨੀਆਂ ਦਾ ਹਰਖ-ਸੋਗ ਸਮੇਂ ਆਪਣੇ ਜਜਮਾਨਾਂ ਦੇ ਘਰੀਂ ਹਰੇਕ ਖੁਸ਼ੀ ਤੇ ਗ਼ਮੀ ਵਿਚ ਸ਼ਾਮਿਲ ਹੋਣਾ ਅਤੇ ਇਕ ਨਿਸਚਿਤ ਸਮਾਜਿਕ ਬੰਧੇਜ ਦੇ ਮੁਤਾਬਿਕ ਆਪਣੇ ਜਜਮਾਨਾਂ ਤੋਂ ਲਾਗ ਵਸੂਲ ਕਰਨੀ, ਉਨ੍ਹਾਂ ਦੀ ਕਾਰਗੁਜ਼ਾਰੀ ਵਿਚ ਸ਼ਾਮਲਿ ਹਨ। ਇਸੇ ਕਾਰਣ ਕਿਸੇ ਮਿਰਾਸੀ ਕਵੀ ਨੇ ਆਪਣੀ ਜਾਤ ਦੀਆਂ ਇਹ ਸਿਫ਼ਤਾਂ ਇਸ ਇੱਕੋ ਕਬਿੱਤ ਵਿਚ ਇਸ ਤਰ੍ਹਾਂ ਬਿਆਨ ਕੀਤੀਆਂ ਹਨ :



Sri Satguru Jagjit Singh Ji Elibrary NamdhariElibrary@gmail.com

ਗੁਣਨ ਕੇ ਸਾਗਰ ਔ ਜਾਤਿ ਕੇ ਉਜਾਗਰ ਹੈਂ,
ਨਾਗਰ ਹੈਂ ਬਾਨੀ ਕੈ, ਭਿਖਾਰੀ ਹੈਂ ਰਜਾਦੋਂ ਕੇ।
ਪ੍ਰਭੋਂ ਕੇ ਮਿਰਾਸੀ ਰਾਗ-ਤਾਨ ਅਭਿਆਸੀ ਸਦਾ,
ਸਿੰਘੋਂ ਕੇ ਰਬਾਬੀ ਤੇ ਕੱਵਾਲ ਪੀਰਜ਼ਾਦੋਂ ਕੇ।
ਢਾਡੀ ਹੈਂ ਰਈਸਨ ਕੇ, ਭਾਟ ਰਾਜਪੂਤਨ ਕੇ,
ਜਾਤਿ ਔ ਸਨਾਤ ਯਹੀ ਸੂਰਮੇ ਹੈਂ ਯਾਦੋਂ ਕੇ।
ਸਭੀ ਹਮੇਂ ਜਾਨਤ ਹੈਂ, ਮਾਨਤ ਹੈਂ ਤੀਨ ਲੋਕ,
ਭੰਡ ਔ ਨੱਕਾਲ ਹਮ ਡੂਮ ਮਾਲਜ਼ਾਦੋਂ ਕੇ।

## ਢਾਡੀ ਤੇ ਉਨ੍ਹਾਂ ਦਾ ਪੰਜਾਬ ਨਾਲ ਸੰਬੰਧ :

ਭੱਟਾਂ ਵਾਂਗੂੰ ਹੀ ਮਿਰਾਸੀਆਂ ਦੀਆਂ ਵੀ ਦੋ ਭਾਈਚਾਰਕ ਸ਼੍ਰੇਣੀਆਂ ਹਨ—(੧) ਢਾਡੀ ਤੇ (੨) ਰਬਾਬੀ। ਜੋ ਮਿਰਾਸੀ ਕਵੀ, ਵੀਰਾਂ-ਜੋਧਿਆਂ ਦੇ ਜੰਗੀ ਕਾਰਨਾਮੇ ਰਾਜ-ਦਰਬਾਰਾਂ ਵਿਚ ਢੱਡ ਨਾਲ ਗਾ ਕੇ ਸੁਣਾਉਂਦੇ ਹਨ, ਉਹ ਢਾਡੀ ਅਖਵਾਂਦੇ ਹਨ ਅਤੇ ਜੋ ਮਿਰਾਸੀ ਰਬਾਬ ਵਜਾ ਕੇ ਰਾਗ ਦਾ ਅਲਾਪ ਕਰਦੇ ਹਨ ਉਹ ਰਬਾਬੀ। ਕਈ ਮਿਰਾਸੀ ਇਨ੍ਹਾਂ ਦੋਹਾਂ ਗੁਣਾਂ ਵਿਚ ਪੂਰੇ ਹੋਣ ਕਰਕੇ ਢਾਡੀ ਵੀ ਹੁੰਦੇ ਹਨ ਤੇ ਰਬਾਬੀ ਵੀ। ਪੁਰਾਤਨ ਸਮੇਂ ਵਿਚ ਪੰਜਾਬ ਤੇ ਰਾਜਸਥਾਨ ਦੇ ਢਾਡੀ ਅਥਵਾ ਚਾਰਣ ਮਸ਼ਹੂਰ ਸਨ। ਹਰੇਕ ਰਾਜੇ-ਰਾਣੇ ਜਾਂ ਰਾਈਸ ਦੇ ਦਰਬਾਰ ਵਿਚ ਕਈ ਚੰਗੇ ਚੰਗੇ ਢਾਡੀ ਹੁੰਦੇ ਸਨ ਤੇ ਉਨ੍ਹਾਂ ਦੀ ਬੜੀ ਕਦਰ ਕੀਤੀ ਜਾਂਦੀ ਸੀ। ਢਾਡੀ ਲੋਕ ਕਾਵਜ, ਸਾਹਿੱਤ, ਸੰਗੀਤ ਸ਼ਾਸਤਰ ਤੇ ਲੋਕਾਚਾਰ ਵਿਚ ਪ੍ਰਬੀਨ ਹੋਣ ਦੇ ਨਾਲ ਹੀ ਦਿਲ ਦੇ ਵੀ ਬੜੇ ਦਲੇਰ ਹੁੰਦੇ ਸਨ, ਜਿਸ ਕਰਕੇ ਉਹ ਜੰਗਾਂ-ਜੁੱਧਾਂ ਵਿਚ ਜੋਧਿਆਂ ਦੇ ਕਦਮ ਨਾਲ ਕਦਮ ਮੇਲ ਕੇ ਚਲਦੇ ਤੇ ਸਾਰੇ ਅੱਖੀਂ-ਡਿੱਠੇ ਜੰਗੀ ਕਾਰਨਾਮੇ, ਵੀਰ-ਰਸੀ ਵਾਰਾਂ ਵਿਚ ਰਚ ਕੇ, ਸੁਣਾਇਆ ਕਰਦੇ ਸਨ। ਪੰਜਾਬ ਤੇ ਰਾਜਸਥਾਨ ਦਾ ਅਜਿਹਾ ਕੋਈ ਇਲਾਕਾ ਨਹੀਂ ਜਿੱਥੇ ਢਾਡੀ ਨ ਰਹੇ ਹੋਣ। ਰਾਜੇ-ਰਾਣੇ ਜਾਂ ਜੋਧੇ ਸਰਦਾਰ ਉਨ੍ਹਾਂ ਦੀ ਕਿਤਨੀ ਕਦਰ ਕਰਦੇ ਸਨ, ਇਸ ਕਥਨ ਦੀ ਪੁਸ਼ਟੀ ਲਈ ਅਨੇਕਾਂ ਪ੍ਰਮਾਣ ਇਨ੍ਹਾਂ ਇਲਾਕਿਆਂ ਦੇ ਇਤਿਹਾਸ ਵਿੱਚੋਂ ਮਿਲਦੇ ਹਨ। ਫੇਰ, ਜਦ ਕਦੇ ਅਮਨ-ਅਮਾਨ ਦਾ ਸਮਾਂ ਹੁੰਦਾ ਤਾਂ ਉਹੋ ਢਾਡੀ ਲੋਕ, ਡਾਕੀਆਂ ਵਾਂਗੂੰ, ਰਾਜੇ-ਰਾਣਿਆਂ ਜਾਂ ਰਈਸਾਂ ਦੇ



Sri Satguru Jagjit Singh Ji Elibrary NamdhariElibrary@gmail.com

ਮੁਖ-ਸਨੇਹੇ ਲੈ ਕੇ, ਲੋੜ ਅਨੁਸਾਰ, ਦੂਰ-ਨੇੜੇ, ਹਰ ਥਾਵੇਂ ਜਾਂਦੇ ਸਨ, ਜਿਸ ਦੇ ਸਬੂਤ ਵਜੋਂ ੧੨ਵੀਂ ਸਦੀ ਦੇ ਰਾਜਸਥਾਨੀ ਲੋਕ-ਕਾਵ੍ਯ 'ਢੋਲਾ ਮਾਰੂ ਰਾ ਦੂਹਾ' ਵਿੱਚੋਂ ਇਸ ਕਿਸਮ ਦੇ ਕਿਤਨੇ ਹੀ ਪ੍ਰਮਾਣ ਮਿਲਦੇ ਹਨ, ਜਿਵੇਂ :—

(੧) ਢਾਢੀ ਹੱਥਿ ਸੰਦੇਸੜਾ ਧਣ ਵਿਲਲੰਤੀ ਦੇਹ।

(੨) ਢਾਢੀ ਹੇਕ ਸੰਦੇਸੜੋ ਲਗ ਢੋਲੇ ਪਹੁੰਚਾਇ।
ਜੋਬਨ ਜਾਇ ਪ੍ਰਾਹੁਣੋਂ, ਵੇਗੇ ਰਉ ਘਰਿ ਆਇ।

ਰਾਜਸਥਾਨ ਵਾਂਗੂੰ ਹੀ ਪੰਜਾਬ ਵਿਚ ਵੀ ਪੁਰਾਤਨ ਕਾਲ ਤੋਂ ਹੀ ਢਾਡੀਆਂ ਦੀ ਸਹਿ-ਹੋਂਦ ਦਾ ਪਤਾ ਲੱਗਦਾ ਹੈ। ਫ਼ਾਰਸੀ ਦੇ ਮਹਾਂਕਵੀ ਅਮੀਰ ਖ਼ੁਸਰੋ ਨੇ ਢਾਡੀਆਂ ਦੀ ਰੀਸੋ ਰੀਸ ਪੰਜਾਬੀ ਬੋਲੀ ਵਿਚ 'ਤੁਗ਼ਲਕਾਂ ਦੀ ਵਾਰ' ਲਿਖੀ ਸੀ, ਜਿਸ ਦਾ ਜ਼ਿਕਰ ਫ਼ਾਰਸੀ ਦੀ ਮਸ਼ਹੂਰ ਤਾਰੀਖ਼ੀ ਕਿਤਾਬ 'ਸੀਰੁਲ-ਮੁਤੱਅਖ਼ਿਰੀਨ' ਵਿੱਚੋਂ ਮਿਲਦਾ ਹੈ, ਪਰ ਉਹ ਵਾਰ, ਜੋ ਮਹਾਂਕਵੀ ਅਮੀਰ ਖ਼ੁਸਰੋ ਨੇ ਲਿਖੀ ਤੇ ਗਾਈ ਸੀ, ਕਦੇ ਕਿਤੇ ਦੇਖਣ ਵਿਚ ਨਹੀਂ ਆਈ। ਇਸ ਬਾਰੇ ਜ਼ਰਾ ਹੋਰ ਖੋਜ ਦੀ ਲੋੜ ਹੈ।

### ਸਿੱਖ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਢਾਡੀ :

ਸਿੱਖ ਗੁਰੂ ਸਾਹਿਬਾਨ ਦੇ ਨਾਲ ਢਾਡੀਆਂ ਦਾ ਸੰਪਰਕ ਕਦੋਂ ਤੇ ਕਿਵੇਂ ਹੋਇਆ ? ਇੱਥੇ ਇਸ ਸੰਬੰਧ ਵਿਚ ਕੁੱਝ ਰੋਸ਼ਨੀ ਪਾਉਣ ਲਈ ਢਾਡੀਆਂ ਦੇ ਮੂਲ ਸੋਮੇ ਪੜਤਾਲਣ ਦੀ ਜ਼ਰਾ ਵਧੇਰੇ ਲੋੜ ਹੈ। ਪਹਿਲੇ ਸਿੱਖ-ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ, (ਜਿਵੇਂ ਕਿ ਮੈਨੂੰ ਸਾਡੇ ਪ੍ਰਸਿਧ ਵਿਦਵਾਨ ਕਵੀ ਡਾਕਟਰ ਭਾਈ ਵੀਰ ਸਿੰਘ ਜੀ ਸੁਰਗਵਾਸੀ ਨੇ ਸੰਨ ੧੯੩੫-੩੬ ਵਿਚ ਜ਼ਬਾਨੀ ਦੱਸਿਆ ਸੀ), ਇਕ ਢਾਡੀ ਨੇ ਰਾਇ ਬੁਲਾਰ ਦੀ ਵਾਰ ਰਚੀ ਸੀ, ਜੋ ਹੁਣ ਕਿਤੋਂ ਨਹੀਂ ਮਿਲਦੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਾਰ ਮਾਝ, ਵਾਰ ਆਸਾ ਤੇ ਮਲਾਰ ਕੀ ਵਾਰ ਵਿੱਚ ਅਤੇ ਸ੍ਰੀ ਗੁਰੂ ਅਮਰ ਦਾਸ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਤਿੰਨੇ ਗੁਰੂ ਸਹਿਬਾਨ ਨੇ ਆਪੋ ਆਪਣੀਆਂ ਵਾਰਾਂ ਵਿਚ ਵਾਰ-ਰਚਨਾ ਬਾਰੇ ਉਹੋ ਪੁਰਾਣਾ, ਢਾਡੀਆਂ ਵਾਲਾ ਤਰੀਕਾ, ਬੜੇ ਗੰਭੀਰ ਅਧਿਆਤਮਿਕ ਢੰਗ ਨਾਲ, ਅਪਣਾਇਆ ਹੈ। ਇਸੇ ਤਰ੍ਹਾਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਤਾਂ ਆਪਣੇ ਦਰਬਾਰ ਵਿਚ ਦੋ ਢਾਡੀ—ਮੀਰ ਅਬਦੱਲਾ ਤੇ ਨੱਥਾ ਜਾਂ ਨੱਥ ਮਲ ਰੱਖ ਕੇ ਢਾਡੀ-ਵਾਰਾਂ ਦੇ ਅਧਾਰ ਉੱਤੇ ਸ੍ਰੀ ਗੁਰੂ ਗ੍ਰੰਥ



Sri Satguru Jagjit Singh Ji Elibrary NamdhariElibrary@gmail.com

ਸਾਹਿਬ ਦੀਆਂ ਨੌਂ ਵਾਰਾਂ (ਵਾਰ ਮਾਝ, ਵਾਰ ਗਉੜੀ, ਵਾਰ ਆਸਾ, ਵਾਰ ਗੂਜਰੀ, ਵਾਰ ਵਡਹੰਸ, ਵਾਰ ਰਾਮਕਲੀ, ਵਾਰ ਸਾਰੰਗ, ਵਾਰ ਮਲਾਰ ਤੇ ਵਾਰ ਕਾਨੜਾ) ਵਿੱਚ ਕ੍ਰਮਵਾਰ ਨੌਂ ਧੁਨਾਂ (ਮਲਿਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਵਾਰ ਕੀ ਧੁਨੀ, ਰਾਇ ਕਮਾਲ ਦੀ ਮੌਜਦੀ ਕੀ ਵਾਰ ਕੀ ਧੁਨੀ, ਆਦਿ) ਜੋੜ ਕੇ ਢਾਡੀਆਂ ਦੇ ਵਾਰ-ਸਿਲਸਿਲੇ ਉੱਤੇ ਪ੍ਰਵਾਨਗੀ ਦੀ ਮੋਹਰ-ਛਾਪ ਲਗਾ ਦਿੱਤੀ ਹੈ ।

ਏਥੇ ਹੁਣ ਇਹ ਦੱਸਣਾ ਵੀ ਅਨੁਚਿਤ ਨਹੀਂ ਹੋਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿੱਚ ਗੁਰੂ ਸਾਹਿਬਾਨ ਦੇ ਆਪਣੇ ਮੁਖਾਰਬਿੰਦ ਤੋਂ ਵੀ ਢਾਡੀਆਂ ਦਾ ਜ਼ਿਕਰ ਬੜੇ ਸੁਭਾਵਿਕ ਤੇ ਹੁਨਰਮੰਦ ਤਰੀਕੇ ਨਾਲ ਅਨੇਕ ਥਾਵੀਂ ਕੀਤਾ ਹੋਇਆ ਮਿਲਦਾ ਹੈ, ਜਿਵੇਂ :

ੳ. (੧) ਢਾਢੀ ਕਥੇ ਅਕਥੁ, ਸਬਦਿ ਸਵਾਰਿਆ ॥

(ਵਾਰ ਮਾਝ, ਮ. ੧)

(੨) ਹਉ ਢਾਡੀ ਵੇਕਾਰੁ, ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ, ਧੁਰਹੁ ਫੁਰਮਾਇਆ ॥

(ਵਾਰ ਮਾਝ, ਮ. ੧)

(੩) ਹਉ ਢਾਢੀ ਕਾ ਨੀਚ ਜਾਤਿ, ਹੋਰੁ ਉਤਮ ਜਾਤਿ ਸਦਾਇਦੇ ॥
ਤਿਨ ਮੰਗਾਂ ਜਿ ਤੁਝੈ ਧਿਆਇਦੇ ॥

(ਵਾਰ ਆਸਾ, ਮ. ੧)

ਅ. (੧) ਢਾਢੀ ਕਰੇ ਪੁਕਾਰ, ਪ੍ਰਭੂ ਸੁਣਾਇਸੀ ॥
ਅੰਦਰਿ ਧੀਰਕ ਹੋਇ, ਪੂਰਾ ਪਾਇਸੀ ॥

(ਵਾਰ ਗੂਜਰੀ, ਮ. ੩)

(੨) ਢਾਢੀ ਤਿਸ ਨੋ ਆਖੀਐ, ਜਿ ਖਸਮੈ ਧਰੇ ਪਿਆਰੁ ॥
ਦਰੁ ਖੜਾ ਸੇਵਾ ਕਰੇ, ਗੁਰ ਸਬਦੀਵੀਚਾਰੁ ॥
ਢਾਢੀ ਕੀ ਸੇਵਾ ਚਾਕਰੀ, ਹਰਿ ਜਪਿ ਹਰਿ ਨਿਸਤਾਰਿ ॥

(ਵਾਰ ਗੂਜਰੀ, ਮ. ੩)



Sri Satguru Jagjit Singh Ji Elibrary NamdhariElibrary@gmail.com

ੲ. (੧) ਢਾਢੀ ਦਰਿ ਪ੍ਰਭੁ ਮੰਗਣਾ, ਦਰੁ ਕਦੇ ਨ ਛੋੜੇ ॥
(ਵਾਰ ਗਉੜੀ, ਮ. ੫)

ਗੁਰਬਾਣੀ ਦੇ ਇਸੇ ਪ੍ਰਭਾਵ ਕਾਰਣ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰੀ ਕਵੀ ਭਾਈ ਗੁਰਦਾਸ ਨੇ 'ਵਾਰਾਂ ਗਿਆਨ ਰਤਨਾਵਲੀ' ਦੇ ਰੂਪ ਵਿਚ ੪੦ ਵਾਰਾਂ ਲਿਖੀਆਂ ਤੇ ਆਪਣੇ ਆਪ ਨੂੰ ਗੁਰੂ ਦਰਬਾਰ ਦਾ ਨਾਚੀਜ਼ ਢਾਡੀ ਘੋਸ਼ਿਤ ਕੀਤਾ ਹੈ :

ਹਉ ਅਪਰਾਧੀ ਗੁਨਹਗਾਰ, ਹਉ ਬੇਮੁਖ ਮੰਦਾ ॥
ਸਿਮਰਿ ਮੁਰੀਦਾ, ਢਾਢੀਆ ਸਤਿਗੁਰੁ ਬਖਸੰਦਾ ॥੨੧॥
(ਵਾਰ ੩੬)

## ਸ੍ਰੀ ਗੁਰੂ ਹਰਿ ਗੋਬਿੰਦ ਤੇ ਦਸ਼ਮੇਸ਼ ਜੀ ਦੇ ਢਾਡੀ :

ਇਸੇ ਢਾਡੀ-ਪੰਰਪਰਾ ਨੂੰ ਮੁੱਖ ਰੱਖ ਕੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਆਪਣੇ ਦਰਬਾਰ ਵਿਚ ਦੋ ਢਾਡੀ ਰੱਖੇ ਸਨ : (੧) ਮੀਰ ਅਬਦੁੱਲਾ ਤੇ (੨) ਮੀਰ ਨੱਥਾ ਜਾਂ ਨੱਥ ਮਲ। ਇਹ ਦੋਵੇਂ ਢਾਡੀ ਪਿੰਡ ਸੁਰ ਸਿੰਘ, ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਸਨ। ਇਨ੍ਹਾਂ ਨੇ ਗੁਰੂ-ਦਰਬਾਰ ਵਿਚ ਆਉਂਦਿਆਂ ਹੀ ਜੋ ਸਭ ਤੋਂ ਪਹਿਲੀ ਵਾਰ, ਗੁਰੂ ਹਰਿ ਗੋਬਿੰਦ ਜੀ ਦੀ ਉਪਮਾ ਵਿਚ ਗਾਈ, ਨਮੂਨੇ ਵਜੋਂ ਉਸ ਦੀ ਇਕ ਪਉੜੀ ਗੁਰਬਿਲਾਸ ਪਾਤਸ਼ਾਹੀ ੬ ਵਿਚ, ਕਵੀ ਸੋਹਨ ਨੇ ਲਿਖੀ ਹੈ :

ਹਰਿ ਸੱਚਾ ਤਖ਼ਤ ਸੁਹਾਯੋ, ਸ੍ਰੀ ਗੁਰੁ ਪਾਇ ਕੈ।
ਛਬਿ ਵਰਨੀ ਨਹਿ ਜਾਇ, ਕਹੋ ਕਿਆ ਗਾਇ ਕੈ।
ਰਵਿ ਸਸਿ ਭਏ ਮਲੀਨ, ਸੁ ਦਰਸ ਦਿਖਾਇ ਕੈ।
ਸ੍ਰੀ ਗੁਰੁ ਤਖਤ ਵਿਰਾਜੇ, ਪ੍ਰਭੁ ਕੌ ਧਿਆਇ ਕੈ।
ਮੀਰ ਅਬਦੁੱਲਾ ਔ ਨੱਥਾ, ਜਸ ਕਹੈ ਸੁਣਾਇ ਕੈ।
(ਗੁਰਬਿਲਾਸ ਪਾਤਸ਼ਾਹੀ ੬, ਅਧਿ-੮)

ਉਹ ਢੱਡ ਅਤੇ ਰਬਾਬ ਵਜਾ ਕੇ ਗੁਰ-ਦਰਬਾਰ ਵਿਚ ਵਾਰਾਂ ਗਾਇਆ ਕਰਦੇ ਸਨ :



Sri Satguru Jagjit Singh Ji Elibrary NamdhariElibrary@gmail.com

'ਸੱਤ ਵਚਨ' ਢਾਢੀ ਕਹੇ, ਨੱਥੂ ਢੱਡ ਵਜਾਇ ।
ਅਬਦੁਲ ਹੱਥ ਰਬਾਬ ਲੈ, ਡਾਢਾ ਗੁਰੂ ਸਮੁਹਾਇ ॥
(ਗੁਰਬਿਲਾਸ ਪਾਤਸ਼ਾਹੀ ਛੇਵੀਂ)

ਇਸੇ ਤਰ੍ਹਾਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵੀ ਦੋ ਢਾਡੀ ਸਨ— (੧) ਮੀਰ ਛਬੀਲਾ ਤੇ (੨) ਮੁਸ਼ਕੀ । ਗਿਆਨੀ ਗੁਰਦਿੱਤ ਸਿੰਘ ਜੀ ਪਟਿਆਲਾ ਦੁਆਰਾ ਸੰਪਾਦਿਤ ਅਮਰ ਨਾਮਾ ਪਾਤਸ਼ਾਹੀ ੧੦ਵੀਂ (ਫ਼ਾਰਸੀ) ਵਿਚ ਮੀਰ ਨੱਥੇ ਜਾਂ ਨੱਥ ਮਲ ਦਾ ਸ੍ਰੀ ਦਸ਼ਮੇਸ਼ ਜੀ ਦੇ ਦਰਬਾਰ ਵਿਚ ਹੋਣਾ ਲਿਖਿਆ ਹੈ (੧੩੯) । ਇਸ ਤੋਂ ਮਾਲੂਮ ਹੁੰਦਾ ਹੈ ਕਿ ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਢਾਡੀ ਨੱਥ ਮਲ ਉਸ ਸਮੇਂ ਅਜੇ ਜ਼ਿੰਦਾ ਸੀ । ਇਸ ਤੋਂ ਇਲਾਵਾ ਮੀਰ ਛਬੀਲੇ ਤੇ ਮੁਸ਼ਕੀ ਦੀਆਂ ਵੀਰ-ਰਸੀ ਵਾਰਾਂ – ਵਾਰ ਭੰਗਾਣੀ, ਵਾਰ ਨਦਾਉਣ ਆਦਿ ਬੜੀਆਂ ਜੋਸ਼-ਉਪਜਾਊ ਹਨ ਤੇ ਮੀਰ ਮੁਸ਼ਕੀ ਦੇ ਕੜਾਕੇਦਾਰ ਕੜਖੇ ਤਾਂ ਇਸ ਵਾਰ-ਸਾਹਿੱਤ ਵਿਚ ਹੋਰ ਵੀ ਉੱਭਰਵੇਂ ਜੰਗੀ ਉਤਸ਼ਾਹ ਤੇ ਉਮਾਹ ਦਾ ਸਮਾਂ ਬੰਨ੍ਹਦੇ ਹਨ ।[1]

## ੨.

## ਭਾਈ ਮਰਦਾਨਾ

### ਰਬਾਬ ਤੇ ਰਬਾਬੀ ਸੰਪ੍ਰਦਾਇ :

ਰਬਾਬ, ਜੋ ਮਿਰਾਸੀਆਂ ਦਾ ਪੁਰਾਣਾ ਸੰਗੀਤਕ ਸਾਜ਼ ਹੈ, ਅਰਬ ਤੇ ਈਰਾਨ ਦੇ ਸੂਫ਼ੀ ਫ਼ਕੀਰਾਂ ਦੀ ਸਾਂਝੀ ਉਪਜ-ਨਿਪਜ ਦਾ ਫਲ ਹੈ । ਰਬਾਬ ਅਰਬੀ ਸ਼ਬਦ ਹੈ। ਡਾਕਟਰ ਬਲਬੀਰ ਸਿੰਘ ਜੀ ਆਪਣੀ ਪੁਸਤਕ 'ਲੰਮੀ ਨਦਰ' (੧੯੫੯) ਵਿਚ 'ਰਬਾਬ' ਸਿਰਲੇਖ ਹੇਠ ਬਗ਼ਦਾਦ ਦੀ ਇਕ ਇਤਿਹਾਸਿਕ ਘਟਨਾ ਦਾ ਜ਼ਿਕਰ ਕਰਦੇ ਹੋਏ 'ਤਾਰੀਖ਼ੁਲ-ਹੁਕਮਾ' ਤੇ 'ਮਸ਼ਾਹੀਰਿ ਆਲਮ' ਦੇ ਹਵਾਲੇ ਨਾਲ ਲਿਖਦੇ ਹਨ ਕਿ ਅੱਜ ਤੋਂ ਹਜ਼ਾਰ ਕੁ ਸਾਲ ਪਹਿਲਾਂ ਬੁਖਨੇ ਦੇ ਹਕੀਮ ਅਬੂ ਨਾਸਿਰ ਫ਼ਾਰਸੀ ਨੇ, ਜੋ

---

[1] ਸ਼ਮਸ਼ੇਰ ਸਿੰਘ ਅਸ਼ੋਕ, ਸਿੱਖੀ ਤੇ ਸਿੱਖ ਇਤਿਹਾਸ, ੧੯੫੧, ਸਫ਼ੇ ੧੦੬-੧੧੯ ।



Sri Satguru Jagjit Singh Ji Elibrary NamdhariElibrary@gmail.com

ਬੜਾ ਵੱਡਾ ਗਵਈਆ ਤੇ ਵਜੰਤਰੀ ਸੀ, ਇਕ ਅਮੀਰ ਆਦਮੀ ਦੀ ਮਹਿਫ਼ਲ ਵਿਚ ਇਕ ਸਾਜ਼ ਵਜਾਇਆ ਜਿਸ ਦੀ ਆਵਾਜ਼ ਨਾਲ ਸਾਰੀ ਮਹਿਫ਼ਲ ਪਹਿਲਾਂ ਹੱਸੀ, ਫੇਰ ਰੋਈ ਤੇ ਅੰਤ ਮਦਹੋਸ਼ ਹੋ ਗਈ। ਬੱਸ, ਇਹੋ ਰਬਾਬ ਸੀ। ਇਸੇ ਤਰ੍ਹਾਂ ਸਾਡੇ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਰਬਾਬ ਦਾ ਅਸਲ ਨਾਂ ਰਾਵਣ-ਵੀਣਾ ਹੈ। ਭਾਰਤੀ ਸੰਗੀਤ-ਪੱਧਤੀ ਦੇ ਮੁਤਾਬਿਕ ਵੀਣਾ, ਬ੍ਰਹਮਾ ਦੀ ਪੁਤ੍ਰੀ ਸਰਸਵਤੀ ਦੇਵੀ ਤੇ ਦੇਵਤਿਆਂ ਦੇ ਰਿਖੀ ਨਾਰਦ ਦਾ ਪਿਆਰਾ ਸਾਜ਼ ਸੀ, ਪਰ ਰਬਾਬ ਤੇ ਵੀਣਾ ਸ਼ਕਲ ਸੂਰਤ ਤੋਂ ਦੋ ਵੱਖੋ ਵੱਖ ਸਾਜ਼ ਹੋਣ ਕਰਕੇ, ਇਨ੍ਹਾਂ ਦਾ ਮੂਲ ਸੋਮਾ, ਇਕ ਨਹੀਂ ਮੰਨਿਆ ਜਾ ਸਕਦਾ। ਭਾਰਤੀ ਸੰਗੀਤਕ ਸਾਜ਼ ਚਾਹੇ ਉਹ ਕੋਈ ਵੀ ਹੋਣ, ਮੁੱਢ ਕਦੀਮ ਤੋਂ ਦੇਵ-ਮੰਦਿਰਾਂ ਵਿਚ ਦੇਵਤਿਆਂ ਦੀ ਪੂਜਾ-ਅਰਚਾ ਸਮੇਂ ਉਨ੍ਹਾਂ ਨੂੰ ਖ਼ੁਸ਼ ਕਰਨ ਵਾਸਤੇ ਵਜਾਏ ਜਾਂਦੇ ਸਨ, ਪਰ ਮੁਸਲਮਾਨ ਸੂਫ਼ੀਆਂ ਦੀਆਂ ਮਹਿਫ਼ਲਾਂ ਕਿਸੇ ਦੇਵਤਾ ਦੀ ਥਾਵੇਂ, ਹਮੇਸ਼ਾ ਆਮ ਜਨਤਾ ਨਾਲ ਸੰਬੰਧਿਤ ਹੋਣ ਕਰਕੇ, ਉਨ੍ਹਾਂ ਦੇ ਸੰਗੀਤਕ ਸਾਜ਼ ਵੀ ਹਮੇਸ਼ਾ ਜਨਤਾ ਦੇ ਸਾਜ਼ ਹੋਣ ਦਾ ਮਾਣ ਰੱਖਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਕਿਉਂਕਿ ਜਨਤਾ ਦੇ ਸੁਧਾਰ ਲਈ ਸਿਰਫ ਲੋਕ-ਆਗੂ ਬਣ ਕੇ ਪ੍ਰਗਟ ਹੋਏ ਸਨ, ਇਸ ਲਈ ਉਨ੍ਹਾਂ ਦੇ ਸ਼ਬਦ-ਕੀਰਤਨ ਦੇ ਸਾਜ਼ ਵੀ ਕੋਈ ਦੇਵਤਿਆਂ ਜਾਂ ਦੇਵ-ਮੰਦਿਰਾਂ ਦੇ ਸਾਜ਼ ਨਹੀਂ, ਸਗੋਂ ਜਨਤਾ ਦੇ ਸਰਬ-ਸਾਂਝੇ ਸਾਜ਼ ਸਨ। ਇਸੇ ਲਈ ਗੁਰੂ ਨਾਨਕ ਨੇ ਸ਼ਬਦ-ਕੀਰਤਨ ਵਾਸਤੇ ਸੰਗੀਤਕ ਸਾਜ਼ ਰਬਾਬ ਨੂੰ ਅਪਣਾਇਆ ਤੇ ਉਸ ਦਾ ਵਾਦਕ ਚੁਣਿਆ, ਭਾਈ ਮਰਦਾਨਾ।

ਢਾਡੀ ਤੇ ਭੱਟ ਲੋਕ ਜਿਵੇਂ ਸੰਗੀਤ, ਕਾਵਯ-ਸਾਹਿੱਤ ਤੇ ਲੋਕਾਚਾਰ ਦੇ ਬੜੇ ਮਾਹਿਰ ਹੁੰਦੇ ਸਨ, ਤਿਵੇਂ ਮਿਰਾਸੀਆਂ ਵਿੱਚੋਂ ਰਬਾਬੀ ਵੀ ਉਹੋ ਦਰਜਾ ਰੱਖਦੇ ਸਨ। ਸਿੱਖ ਇਤਿਹਾਸ ਦੇ ਕਥਨ ਅਨੁਸਾਰ ਗੁਰੂ ਨਾਨਕ ਦਾ ਰਬਾਬੀ ਭਾਈ ਮਰਦਾਨਾ ਇਸ ਸੰਬੰਧ ਵਿਚ ਸਭ ਤੋਂ ਪਹਿਲਾ ਵਿਅਕਤੀ ਸੀ ਜਿਸ ਨੇ ਬਚਪਨ ਵਿਚ ਹੀ ਰਬਾਬ ਨਾਲ ਸ਼ਬਦ-ਕੀਰਤਨ ਕਰਨ ਦੀ ਉੱਚੀ ਸਿਖਿਆ ਪ੍ਰਾਪਤ ਕੀਤੀ ਤੇ ਫੇਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੰਨ ਸ਼ਰਧਾਲੂ ਤੇ ਸੰਗੀ-ਸਾਥੀ ਬਣ ਕੇ, ਜੀਵਨ ਭਰ, ਹਰ ਥਾਵੇਂ, ਉਨ੍ਹਾਂ ਦਾ ਸਹਿਯੋਗੀ ਬਣਿਆ ਰਿਹਾ। ਜਨਮ-ਸਾਖੀ ਗੁਰੂ ਨਾਨਕ (ਭਾਈ ਪੈੜਾ ਮੋਖਾ) ਦੇ ਕਥਨ ਅਨੁਸਾਰ ਭਾਈ ਮਰਦਾਨਾ ਪਿੰਡ ਰਾਇ ਭੋਇ ਦੀ ਤਲਵੰਡੀ, ਜ਼ਿਲਾ ਸ਼ੇਖੂ ਪੁਰਾ ਦਾ ਵਸਨੀਕ ਸੀ। ਉਹ ਉਮਰ ਵਿਚ ਗੁਰੂ ਨਾਨਕ ਤੋਂ ਦਸ ਵਰ੍ਹੇ ਵੱਡਾ ਸੀ। ਉਸ ਦੇ ਪਿਤਾ



Sri Satguru Jagjit Singh Ji Elibrary NamdhariElibrary@gmail.com

ਦਾ ਨਾਂ ਸੀ ਬਦਰਾ ਤੇ ਮਾਤਾ ਦਾ ਨਾਂ ਲੱਖੋ। ਕਿਹਾ ਜਾਂਦਾ ਹੈ ਕਿ ਪਹਿਲਾਂ ਮਾਈ ਲੱਖੋ ਦੇ ਛੇ ਬੱਚੇ ਪੈਦਾ ਹੋ ਕੇ ਮਰ ਚੁੱਕੇ ਸਨ, ਇਸ ਲਈ ਉਸ ਨੇ ਇਸ ਸੱਤਵੇਂ ਬੱਚੇ ਦਾ ਨਾਂ ਰੱਖਿਆ ਸੀ 'ਮਰਜਾਣਾ', ਪਰ ਜਦ ਗੁਰੂ ਨਾਨਕ ਨੇ ਉਸ ਨੂੰ ਸੁਭਾਵਿਕ ਹੀ 'ਮਰਦਾਨਾ' ਕਹਿ ਕੇ ਸੱਦਿਆ ਤਾਂ ਉਹ ਅਮਰ ਪਦਵੀ 'ਮਰਦਾ ਨਾ' ਮਿਲਣ ਕਰਕੇ 'ਮਰਦਾਨਾ' ਹੀ ਬਣ ਗਿਆ। ਭਾਈ ਮਰਦਾਨੇ ਦੇ ਨਾਂ ਵਿਚ ਇਹੋ ਸਭ ਤੋਂ ਵੱਡਾ ਰਹੱਸ ਹੈ।

### ਭਾਈ ਮਰਦਾਨੇ ਦੇ ਸੁਭਾਵਿਕ ਗੁਣ :

ਬਚਪਨ ਤੋਂ ਭਾਈ ਮਰਦਾਨੇ ਦੀ ਸੱਭ ਤੋਂ ਵੱਡੀ ਸਿਫ਼ਤ ਇਹੋ ਸੀ ਕਿ ਉਸ ਦਾ ਬੱਚਿਆਂ ਵਰਗਾ ਸਾਫ਼, ਸ਼ੁੱਧ ਤੇ ਮਿਲਾਪੜਾ ਸੁਭਾਉ, ਸੰਜੀਦਾ ਵਰਤਾਉ, ਵਿਦਿਆ ਤੇ ਸੰਗੀਤ-ਕਲਾ ਨਾਲ ਦਿਲੀ ਲਗਾਉ ਤੇ ਇਨਸਾਨੀਅਤ ਵੱਲ ਪੂਰੀ ਤਰ੍ਹਾਂ ਝੁਕਾਉ, ਸ੍ਰੀ ਗੁਰ ਨਾਨਕ ਦੇਵ ਜੀ ਨੂੰ ਵਧੇਰੇ ਪਸੰਦ ਆਏ। ਨੀਤੀਵਾਨਾਂ ਦਾ ਕਥਨ ਵੀ ਹੈ :

ਪੁਰਖ ਰੂਪ-ਧਾਰੀ ਮਿਲਣ, ਨਟਖਟ ਲੋਕ ਅਨੇਕ ॥
ਅਸਲੀ ਮਾਨੁਖ ਥੋੜਤੇ, ਮਨ, ਵਿਚ, ਕਰਮੋਂ ਨੇਕ ॥
(ਆਦਮੀ ਦੀ ਪਰਖ)

ਇਸੇ ਕਾਰਣ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਜੋ ਇਨਸਾਨੀਅਤ ਦੇ ਸੱਚੇ ਪਾਰਖੂ ਤੇ ਤਤਕਾਲੀਨ ਜਨ-ਸਮਾਜ ਦੇ ਸਹੀ ਰਹਬਰ ਸਨ, ਕਦੇ ਇਕ ਖਿਨ-ਪਲ ਵੀ ਭਾਈ ਮਰਦਾਨੇ ਨੂੰ ਆਪਣੇ ਨਾਲੋਂ ਵੱਖ ਕਰਨਾ ਪਸੰਦ ਨਾ ਕੀਤਾ।

### ਗੁਰੂ-ਮਿਲਾਪ ਤੇ ਰਬਾਬ ਦੀ ਢੂੰਡ-ਭਾਲ :

ਗੁਰੂ ਨਾਨਕ ਦੇ ਨਾਲ ਭਾਈ ਮਰਦਾਨੇ ਦਾ ਮਿਲਾਪ ਪਹਿਲੇ ਪਹਿਲ ਬਚਪਨ ਸਮੇਂ ਤਲਵੰਡੀ ਹੀ ਹੋਇਆ ਪਰ ਫੇਰ ਅਸਲ ਤੇ ਸਦੀਵੀ ਮਿਲਾਪ ਨਗਰ ਸੁਲਤਾਨ ਪੁਰ ਲੋਧੀ (ਕਪੂਰਥਲਾ) ਦੇ ਸਥਾਨ ਉੱਤੇ ਉਸ ਸਮੇਂ ਹੋਇਆ ਜਦ ਗੁਰੂ ਸਾਹਿਬ ਭੈਣ ਨਾਨਕੀ ਦੇ ਸੱਦੇ ਉੱਤੇ ਉੱਥੇ ਜਾ ਕੇ ਨਵਾਬ ਦੌਲਤ ਖ਼ਾਨ ਲੋਧੀ ਦੇ ਮੋਦੀ ਖ਼ਾਨੇ ਨਿਯੁਕਤ ਹੋ ਗਏ ਸਨ। ਭਾਈ ਮਰਦਾਨਾ ਉਸ ਸਮੇਂ ਤਲਵੰਡੀਓਂ ਮਹਿਤਾ ਕਾਲੂ ਜੀ ਦਾ ਭੇਜਿਆ ਹੋਇਆ ਗੁਰੂ ਸਾਹਿਬ ਦੀ ਖ਼ਬਰ-ਸਾਰ ਲੈਣ ਵਾਸਤੇ ਉਚੇਚਾ ਗਿਆ ਸੀ, ਪਰ ਜਦ ਉੱਥੇ ਉਸ



Sri Satguru Jagjit Singh Ji Elibrary NamdhariElibrary@gmail.com

ਨੇ ਸਤਿਸੰਗਤ ਦਾ ਅਦੁਤੀ ਪ੍ਰਵਾਹ ਤੇ ਗੁਰੂ ਕਾ ਅਤੁਟ ਲੰਗਰ ਚਲਦਾ ਹੋਇਆ ਦੇਖਿਆ ਤਾਂ ਉਸ ਨੂੰ ਮਹਿਤਾ ਜੀ ਦੇ ਦਿੱਤੇ ਸਾਰੇ ਸੁਖ-ਸੁਨੇਹੇ ਭੁੱਲ ਗਏ ਅਤੇ ਉਹ ਆਪਾ-ਵਾਰੂ ਸਾਦਿਕ ਬਣ ਕੇ, ਉੱਥੇ ਗੁਰੂ ਨਾਨਕ ਦੇ ਪਾਸ ਹੀ ਰਹਿ ਗਿਆ। ਗੁਰੂ ਨਾਨਕ ਨਾਮ-ਬਾਣੀ ਦੇ ਬੋਹਿਥ ਹੋਣ ਕਰਕੇ, ਸੰਗੀਤ-ਕਲਾ ਨਾਲ ਦਿਲੀ ਲਗਾਉ ਰੱਖਦੇ ਸਨ ਤੇ ਭਾਈ ਮਰਦਾਨਾ ਪਹਿਲਾਂ ਹੀ ਇਸ ਹੁਨਰ ਵਿਚ ਪੂਰੀ ਤਰ੍ਹਾਂ ਨਿਪੁਣ ਸੀ, ਇਸ ਲਈ ਜਦ ਗੁਰੂ ਸਾਹਿਬ ਨੇ ਨਵਾਬ ਦੌਲਤ ਖ਼ਾਨ ਦਾ ਮੋਦੀ ਖ਼ਾਨਾ ਛੱਡਿਆ ਤੇ ਉਹ ਫ਼ਕੀਰੀ ਜਾਮਾ ਪਹਿਨ ਕੇ ਦੇਸ਼-ਵਿਦੇਸ਼ ਦੀ ਯਾਤਰਾ ਲਈ ਤਿਆਰ ਹੋਏ ਤਾਂ ਭਾਈ ਮਰਦਾਨੇ ਵਾਸਤੇ ਇਕ ਅਤਿ ਚੰਗੇ ਰਬਾਬ ਦੀ ਲੋੜ ਪਈ। ਇਸੇ ਕਾਰਣ ਭਾਈ ਮਰਦਾਨਾ ਗੁਰੂ ਜੀ ਦੇ ਆਦੇਸ਼ ਨਾਲ ਪਹਿਲਾਂ ਸੁਲਤਾਨ ਪੁਰ ਹੀ ਇਕ ਰਬਾਬੀ-ਢਾਡੀ ਕੋਲ ਗਿਆ। ਅੱਗੇ ਉਹ ਰਬਾਬੀ ਪਠਾਣ ਬੈਠਾ ਗਾਉਂਦਾ ਸੀ। ਭਾਈ ਮਰਦਾਨੇ ਨੇ ਦੇਖਿਆ ਇਕ ਮੰਝੋਲਾ ਰਬਾਬ ਹੈ ਜਿਸ ਨੂੰ ਉਹ ਬੈਠਾ ਵਜਾਉਂਦਾ ਹੈ। ਉਸ ਨੂੰ ਉੱਥੋਂ ਭਾਈ ਮਰਦਾਨੇ ਨੇ ਉਠਾਇਆ ਤੇ ਆਪਣੇ ਨਾਲ ਲੈ ਆਂਦਾ। ਜਦ ਉਹ ਦੋਵੇਂ ਗੁਰੂ ਨਾਨਕ ਪਾਸ ਆਏ ਤਾਂ ਉਸ ਰਬਾਬੀ ਦੇ ਰਬਾਬ ਦੀ ਤਾਰ ਵਜਾਉਣ ਨਾਲ ਗੁਰੂ ਜੀ ਦੀ ਸਮਾਧੀ ਖੁੱਲ੍ਹ ਗਈ, ਪਰ ਗੁਰੂ ਸਾਹਿਬ ਨੂੰ ਉਹ ਮੰਝੋਲਾ ਰਬਾਬ ਤੇ ਉਸ ਦਾ ਵਜਾਉਣਾ ਪਸੰਦ ਨਾ ਆਇਆ ਤਾਂ ਆਖਿਆ 'ਮਰਦਾਨਿਆ; ਤੂੰ ਵਜਾਇ ਰਬਾਬ। ਤਾਂ ਮਰਦਾਨੇ ਗੁਰੂ ਜੀ ਦਾ ਹੁਕਮ ਮੰਨ ਕੇ ਅਜਿਹੀ ਤਾਰ ਵਜਾਈ ਜੋ ਜੰਗਲ ਦੇ ਜਾਨਵਰ ਮਿਰਗੁ ਬੇ-ਸੁਧ ਹੋਇ ਕੇ ਢਹਿ ਪਏ ਤਾਂ ਗੁਰੂ ਨਾਨਕ ਬਹੁਤ ਰੀਝਿਆ ਅਤੇ ਮਰਦਾਨਾ ਵੀ ਆਪਣੇ ਜੀ ਵਿਚਿ ਬਹੁਤ ਰਾਜੀ ਹੋਇਆ ਅਤੇ ਉਹ ਢਾਢੀ ਹੈਰਾਨ ਹੋਇ ਰਹਿਆ। ਕਹਿਣ ਲਗਾ ਜੋ ਮੈਂ ਵਡੇ ਵਡੇ ਢਾਢੀ ਡਿਠੇ ਆਹੇ, ਪਰੁ ਏਹੁ ਗੁਣੁ ਕਿਸੇ ਵਿਚਿ ਨਾ ਸੀ ਡਿੱਠਾ।'[1]

ਇਸ ਤਰ੍ਹਾਂ ਗੁਰੂ ਨਾਨਕ ਨੇ ਭਾਈ ਮਰਦਾਨੇ ਦਾ ਤਾਰ ਦਾ ਗੁਣ ਤਾਂ ਪ੍ਰਵਾਨ ਕਰ ਲਿਆ, ਪਰ ਉਹ ਰਬਾਬ ਕਿਉਂਕਿ ਮੰਝੋਲਾ ਸੀ ਇਸ ਲਈ ਪਸੰਦ ਨਾ ਆਇਆ ਤੇ ਚੰਗੇਰੇ ਰਬਾਬ ਦੀ ਲੋੜ ਪਈ। ਭਾਈ ਮਰਦਾਨੇ ਨੇ ਆਖਿਆ, 'ਜੀ, ਤੰਬੂਰਾ ਲਈਏ ਜਾਂ ਹੋਰ ਸਾਜ ?' ਤਾਂ ਗੁਰੂ ਨਾਨਕ ਜੀ ਆਖਿਆ, 'ਮਰਦਾਨਾ ! ਰਬਾਬੁ ਅਤੇ ਢੰਢੋਰੀ ਸਾਜੁ

---

[1] ਦੇਖੋ, ਹੱਥ-ਲਿਖਿਤ ਜਨਮ-ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ (ਭਾਈ ਪੈੜਾ ਮੋਖਾ), ਸੰਮਤ ੧੮੮੨ ਬਿ., ਨਿੱਜੀ ਪੁਸਤਕਾਲੇ ਵਿੱਚੋਂ।



Sri Satguru Jagjit Singh Ji Elibrary NamdhariElibrary@gmail.com

ਗੁਰਮੁਖੀ ਹੈਨ ਅਤੇ ਹੋਰੁ ਵਾਜਾ ਸਭੋ ਵਿਕਾਰ ਹੈ।' ਇਧਰ ਤਾਂ ਮਰਦਾਨੇ ਨਾਲ ਇਹ ਗੱਲ-ਬਾਤ ਹੋਈ ਤੇ ਉਧਰ ਉਸ ਢਾਡੀ ਨੂੰ ਗੁਰੂ ਨਾਨਕ ਨੇ ਕਹਿ ਕੇ ਉਹ ਰਬਾਬ ਮੋੜ ਦਿਤਾ ਕਿ 'ਭਾਈ, ਤੇਰਾ ਰਬਾਬ ਸਾਡੇ ਕੰਮ ਦਾ ਨਹੀਂ ਹੈ।'[1]

ਇਸ ਤੋਂ ਬਾਦ ਗੁਰੂ ਨਾਨਕ ਨੇ ਭੈਣ ਨਾਨਕੀ ਤੋਂ ਸੱਤ ਰੁਪਏ ਲੈ ਕੇ ਭਾਈ ਮਰਦਾਨੇ ਨੂੰ ਸੁਲਤਾਨ ਪੁਰੋਂ ਥੋੜੀ ਦੂਰ ਪਿੰਡ ਭੈਰੋਵਾਲ (ਕਪੂਰਥਲਾ) ਵਿਚ ਭਾਈ ਫਿਰੰਦੇ (ਫੇਰੂ ਰਬਾਬੀ) ਕੋਲ ਭੇਜਿਆ। ਭਾਈ ਮਰਦਾਨਾ ਉਥੋਂ ਭਾਈ ਫਿਰੰਦੇ ਰਬਾਬੀ ਨੂੰ, ਰਬਾਬ ਸਮੇਤ, ਬੜੀ ਮੁਸ਼ਕਿਲ ਨਾਲ ਲੱਭ ਕੇ, ਗੁਰੂ ਜੀ ਦੇ ਕੋਲ ਸੁਲਤਾਨਪੁਰ ਲਿਆਇਆ। ਭਾਈ ਫਿਰੰਦਾ ਤਾਂ ਪਹਿਲਾਂ ਹੀ ਗੁਰੂ ਨਾਨਕ ਦਾ ਹਾਰਦਿਕ ਸ਼ਰਧਾਲੂ ਸੀ, ਇਸ ਲਈ ਉਸ ਨੇ ਆਪਣਾ ਕੀਮਤੀ ਰਬਾਬ ਬੜੀ ਸ਼ਰਧਾ ਨਾਲ ਗੁਰੂ ਜੀ ਨੂੰ ਭੇਟਾ ਕਰ ਦਿੱਤਾ। ਵਜਾਉਣ ਉੱਤੇ ਗੁਰੂ ਸਾਹਿਬ ਨੇ ਇਸ ਨੂੰ ਡਾਢਾ ਪੰਸਦ ਕੀਤਾ। ਜਨਮ-ਸਾਖੀ ਗੁਰੂ ਨਾਨਕ (ਹੱਥ-ਲਿਖਿਤ) ਦੇ ਕਥਨ ਅਨੁਸਾਰ ਉਸ ਰਬਾਬ ਦੀ ਮਿੱਠੀ ਤੇ ਮਨੋਹਰ ਧੁਨੀ ਸੀ – "ਤੂੰ ਹੀ ਨਿਰੰਕਾਰ, ਇਕ ਤੂੰ ਹੀ ਨਿਰੰਕਾਰ।" ਗੁਰੂ ਨਾਨਕ ਨੇ ਬੜੀ ਪ੍ਰਸੰਨਤਾ ਨਾਲ ਉਸ ਰਬਾਬ ਬਦਲੇ ਭਾਈ ਫਿਰੰਦੇ ਰਬਾਬੀ ਨੂੰ ਉਚਿਤ ਪੁਰਸਕਾਰ ਦੇ ਕੇ ਵਿਦਾ ਕੀਤਾ।

## ਭਾਈ ਮਰਦਾਨੇ ਤੇ ਹੋਰ ਸਾਥੀਆਂ ਦੀ ਜਾਤੀ–ਭੇਦ ਰਹਿਤ ਚੋਣ :

ਹੁਣ ਅੱਗੇ ਅਸੀਂ ਇਹ ਦੱਸਣਾ ਹੈ ਕਿ ਜਦ ਗੁਰੂ ਨਾਨਕ ਸੁਲਤਾਨ ਪੁਰੋਂ ਦੁਨੀਆ ਦਾ ਸੁਧਾਰ ਕਰਨ ਵਾਸਤੇ ਦੇਸ਼-ਵਿਦੇਸ਼ ਦੀ ਯਾਤਰਾ ਲਈ ਚੱਲੇ ਤਾਂ ਉਨ੍ਹਾਂ ਨੇ ਮਰਦਾਨੇ ਤੇ ਹੋਰ ਸਾਥੀਆਂ ਦੀ ਭੇਦ-ਭਾਵ ਰਹਿਤ ਚੋਣ ਬੜੇ ਆਦਰਸ਼ਵਾਦੀ ਤੇ ਸੁਧਾਰਕ ਤਰੀਕੇ ਨੂੰ ਮੁੱਖ ਰੱਖ ਕੇ ਕੀਤੀ। ਜਨਮ-ਸਾਖੀ ਗੁਰੂ ਨਾਨਕ (ਪੈੜਾ ਮੋਖਾ) ਦੇ ਅਨੁਸਾਰ ਗੁਰੂ ਨਾਨਕ ਦੇ ਸਾਥੀ ਸਨ—(੧) ਭਾਈ ਮਰਦਾਨਾ ਰਬਾਬੀ ਤੇ (੨) ਭਾਈ ਬਾਲਾ ਸੰਧੂ (ਜੱਟ)। ਪੁਰਾਤਨ ਜਨਮਸਾਖੀ ਦੀ ਲਿਖਤ ਮੁਜਬ, ਇਨ੍ਹਾਂ ਸਾਥੀਆਂ ਤੋਂ ਬਿਨਾਂ, ਤਿੰਨ ਹੋਰ ਸਾਥੀ ਚੁਣੇ : (੧) ਭਾਈ ਸੈਦੋ ਘੇਉ, (੨) ਸੀਹਾ ਛੀਂਬਾ ਤੇ, (੩) ਹੱਸੂ ਲੁਹਾਰ। ਭਾਈ ਬਾਲੇ ਸੰਧੂ ਤੋਂ ਬਗੈਰ ਇਹ ਸਾਰੇ ਸਾਥੀ ਪੱਛੜੀਆਂ ਸ਼੍ਰੇਣੀਆਂ ਅਥਵਾ

---

[1] ਪੂਰਬੋਕਤ, ਹੱਥ-ਲਿਖਿਤ ਜਨਮ-ਸਾਖੀ ਗੁਰੂ ਨਾਨਕ ਦੇ ਅਨੁਸਾਰ



Sri Satguru Jagjit Singh Ji Elibrary NamdhariElibrary@gmail.com

ਨੀਵੀਆਂ ਜਾਤਾਂ ਨਾਲ ਲਹੂ-ਮਾਸ ਦਾ ਸੰਬੰਧ ਰੱਖਦੇ ਸਨ। ਇਹਨਾਂ ਸਾਰਿਆਂ ਦੇ ਮੁਕਾਬਲੇ ਤੇ ਪੰਜਾਬ ਦੇ ਖੱਤਰੀ, ਜਿਹਨਾਂ ਦੀ ਬੇਦੀ ਸ਼ਾਖ਼ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਸਨ, ਸਾਰੇ ਦੇ ਸਾਰੇ, ਇਤਿਹਾਸਿਕ ਪੱਖ ਤੋਂ, ਸੂਰਜਬੰਸੀ ਤੇ ਚੰਦ੍ਰਬੰਸੀ ਛੱਤਰੀ ਅਖਵਾਂਦੇ ਸਨ।

### ਗੁਰੂ ਨਾਨਕ ਵੱਲੋਂ ਜਾਤੀ-ਭੇਦ ਦਾ ਵਿਰੋਧ :

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਹਰ ਪ੍ਰਕਾਰ ਦੇ ਜਾਤੀ-ਬੰਧਨਾਂ ਤੋਂ ਮੁਕਤ ਸਮਝਦੇ ਸਨ ਤੇ ਦਿਨੋਂ ਦਿਨ ਜਾਤੀ-ਬੰਧਨਾਂ ਵਿਚ ਨਪੀੜੇ ਜਾ ਰਹੇ ਜਨ-ਸਮਾਜ ਨੂੰ ਸਦੀਵੀ ਜੀਵਨ-ਮੁਕਤੀ ਪ੍ਰਾਪਤ ਕਰਨ ਵਾਸਤੇ ਉਹ ਇਸੇ ਖੁੱਲ੍ਹ-ਦਿਲੀ ਦਾ ਉਪਦੇਸ਼ ਦਿੰਦੇ ਸਨ :

੧. ਜਾਤੀ ਦੈ ਕਿਆ ਹਥਿ ਸਚੁ ਪਰਖੀਐ।
ਮਹੁਰਾ ਹੋਵੈ ਹਥਿ ਮਰੀਐ ਚਖੀਐ।
(ਵਾਰ ਮਾਝ, ਮਹਲਾ ੧)

੨. ਊਚਾ ਤੇ ਫੁਨਿ ਨੀਚੁ ਕਰਤੁ ਹੈ, ਨੀਚੁ ਕਰੈ ਸੁਲਤਾਨੁ।
ਜਿਨੀ ਜਾਣੁ ਸੁਜਾਣਿਆ, ਜਗਿ ਤੇ ਪੂਰੇ ਪਰਵਾਣੁ।
(ਪ੍ਰਭਾਤੀ, ਮਹਲਾ ੧)

੩. ਜਾਤਿ ਜਨਮੁ ਨਹ ਪੂਛੀਐ, ਸਚੁ ਘਰੁ ਲੇਹੁ ਬਤਾਇ।
ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ।
(ਪ੍ਰਭਾਤੀ, ਮਹਲਾ ੧)

ਇਸੇ ਕਾਰਣ ਗੁਰੂ ਨਾਨਕ ਹਮੇਸ਼ਾ ਨੀਵਿਆਂ ਨੂੰ ਉਚਿਆਉਂਦੇ, ਸਲਾਹੁੰਦੇ ਤੇ ਵਡਿਆਉਂਦੇ ਹੋਏ ਕਹਿੰਦੇ ਹਨ :

ਨੀਚਾਂ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ।
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ।
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ ॥੪॥੩॥
(ਸਿਰੀ ਰਾਗੁ, ਮਹਲਾ ੧)



Sri Satguru Jagjit Singh Ji Elibrary NamdhariElibrary@gmail.com

## ਭਾਈ ਮਰਦਾਨਾ ਤੇ ਹੋਰ ਸਿੱਖ ਜਿਨ੍ਹਾਂ ਗੁਰੂ ਨਾਨਕ ਨੂੰ ਰੱਬੀ ਨੂਰ ਸਮਝਿਆ :

ਗੁਰੂ ਨਾਨਕ ਦੇ ਉਹ ਸ਼ਰਧਾਵਾਨ ਸਿੱਖ, ਜਿਨ੍ਹਾਂ ਨੇ ਗੁਰੂ ਸਾਹਿਬ ਨੂੰ ਸਹੀ ਅਰਥਾਂ ਵਿਚ ਰੱਬੀ ਨੂਰ ਸਮਝਿਆ, ਕੁਲ ਚਾਰ ਸਨ : (੧) ਬੀਬੀ ਨਾਨਕੀ, (੨) ਰਾਇ ਬੁਲਾਰ, (੩) ਭਾਈ ਮਰਦਾਨਾ ਤੇ (੪) ਭਾਈ ਬਾਲਾ ਸੰਧੂ। ਬਾਕੀ ਹੋਰ ਸਿੱਖ-ਸ਼ਰਧਾਲੂਆਂ ਦਾ ਦਰਜਾ, ਜੋ ਗਿਣਤੀ ਵਿਚ ਬਹੁਤੇ ਸਨ, ਇਹਨਾਂ ਤੋਂ ਜ਼ਰਾ ਪਿੱਛੋਂ ਆਉਂਦਾ ਹੈ। ਗੁਰੂ ਸਾਹਿਬ ਜਾਤੀ ਦੀਆਂ ਗੁੱਟ-ਬੰਦੀਆਂ ਤੋਂ ਬਿਲਕੁਲ ਨਿਰਲੇਪ ਸਨ, ਇਸ ਲਈ ਜਦ ਕਦੇ ਉਹ ਨਗਰ ਸੈਦਪੁਰ (ਏਮਨਾਬਾਦ) ਜਾਂਦੇ ਤਾਂ ਆਪਣੇ ਅਨੰਨ ਸਿੱਖ ਭਾਈ ਲਾਲੋ ਤਰਖਾਣ ਦੇ ਘਰ ਠਹਿਰਦੇ ਸਨ। ਇਸੇ ਕਾਰਣ ਉਹਨਾਂ ਨੇ ਜਾਤ-ਅਭਿਮਾਨੀ ਮਲਕ ਭਾਗੋ ਦੇ ਮਾਲ੍ਹ-ਪੂੜਿਆਂ ਦੇ ਮੁਕਾਬਲੇ ਉੱਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ, ਉਸ ਦੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਸਮਝ ਕੇ, ਕਬੂਲ ਕੀਤੀ ਤੇ ਪਾਪ ਦੀ ਕਮਾਈ ਨੂੰ ਝੁਠਲਾਇਆ। ਸੈਦਪੁਰ ਵਾਂਗੂੰ ਹੀ ਜਦ ਗੁਰੂ ਨਾਨਕ ਪਿੰਡ ਪੱਖੋ ਕੇ ਰੰਧਾਵੇ ਪਹੁੰਚਦੇ ਸਨ ਤਾਂ ਪਰਿਵਾਰ ਸਮੇਤ ਭਾਈ ਅਜਿਤੇ ਰੰਧਾਵੇ ਦੇ ਘਰ ਉਨ੍ਹਾਂ ਦਾ ਨਿਵਾਸ ਹੁੰਦਾ ਸੀ। ਭਾਈ ਮਰਦਾਨੇ ਵਾਂਗੂੰ ਹੀ ਇਹ ਦੋਵੇਂ ਸਿੱਖ ਗੁਰੂ ਨਾਨਕ ਨੂੰ ਰੱਬ ਦਾ ਰੂਪ ਸਮਝਦੇ ਸਨ।

## ਗੁਰੂ ਨਾਨਕ ਦੀ ਤਪੱਸਿਆ ਤੇ ਭਾਈ ਮਰਦਾਨਾ :

ਗੁਰੂ ਸਾਹਿਬ ਨੇ ਸੰਮਤ ੧੫੫੪ ਬਿ. ਮੁਤਾਬਿਕ ਸੰਨ ੧੪੯੭ ਈ. ਵਿੱਚ ਸੁਲਤਾਨਪੁਰ ਲੋਧੀ ਤੋਂ ਚੱਲ ਕੇ ਚਾਰ ਉਦਾਸੀਆਂ (ਸੰਸਾਰ-ਫੇਰੀਆਂ) ਕਰਨ ਤੋਂ ਪਹਿਲਾਂ ਭਾਈ ਲਾਲੋ ਤਰਖਾਣ (ਸਿੱਖ) ਦੇ ਕੋਲ ਸੈਦਪੁਰ (ਏਮਨਾਬਾਦ) ਪਹੁੰਚ ਕੇ, ਰੋੜੀ ਸਾਹਿਬ ਦੇ ਸਥਾਨ ਉੱਤੇ ਬੜੀ ਭਾਰੀ ਤਪੱਸਿਆ ਕੀਤੀ, ਜਿਸ ਬਾਰੇ ਕਵੀ ਭਾਈ ਗੁਰਦਾਸ ਨੇ ਇਸ ਤਰ੍ਹਾਂ ਲਿਖਿਆ ਹੈ :

> ਪਹਿਲਾਂ ਬਾਬੇ ਪਾਇਆ ਬਖਸਦਰ, ਪਿਛੋਂ ਦੇ ਫਿਰ ਘਾਲ ਕਮਾਈ।
> ਰੇਤ ਅੱਕ ਆਹਾਰ ਕਰਿ, ਰੋੜਾਂ ਦੀ ਗੁਰੁ ਕਰੀ ਵਿਛਾਈ।
> ਭਾਰੀ ਕਰੀ ਤਪੱਸਿਆ, ਵਡੇ ਭਾਗ ਹਰਿ ਸਿਉ ਬਣਿ ਆਈ।
> ਬਾਬਾ ਪੈਧਾ ਸਚਖੰਡਿ, ਨਉਨਿਧਿ ਨਾਮ ਗਰੀਬੀ ਪਾਈ।
>
> (ਵਾਰਾਂ ਗਿਆਨ ਰਤਨਾਵਲੀ, ੧/੨੪)



Sri Satguru Jagjit Singh Ji Elibrary NamdhariElibrary@gmail.com

ਇਸ ਸਮੇਂ ਗੁਰੂ ਜੀ ਨੇ ਪਹਿਲਾਂ ਭਾਈ ਬਾਲੇ ਸੰਧੂ ਨੂੰ ਸੁਲਤਾਨਪੁਰੋਂ ਤੇ ਫੇਰ ਭਾਈ ਮਰਦਾਨੇ ਨੂੰ ਸੈਦਪੁਰ (ਏਮਨਾਬਾਦ) ਤੋਂ ਤਲਵੰਡੀ ਭੇਜਿਆ ਤਾਂ ਜੋ ਉਹ ਦੋਹਾਂ ਪਾਸਿਆਂ ਦੇ ਸੁਖ-ਸੁਨੇਹੇ ਲੈਂਦੇ ਆਉਣ। ਜਨਮ-ਸਾਖੀ ਗੁਰੂ ਨਾਨਕ (ਭਾਈ ਪੈੜਾ ਮੋਖਾ) ਦੇ ਕਥਨ ਅਨੁਸਾਰ ਇਸ ਸਮੇਂ ਭਾਈ ਮਰਦਾਨੇ ਤੇ ਮਹਿਤਾ ਕਾਲੂ ਜੀ ਅਤੇ ਰਾਇ ਬੁਲਾਰ ਦੀ ਜੋ ਪਰਸਪਰ ਸੁਆਦਲੀ ਬਾਤ-ਚੀਤ ਹੋਈ ਉਹ ਕ੍ਰਮਵਾਰ ਇਸ ਤਰ੍ਹਾਂ ਹੈ :

(ੳ) "ਤਾਂ ਕਾਲੂ ਕਹਿਆ, 'ਮਰਦਾਨਾ; ਦੇਹਿ ਨਾਨਕ ਦੀਆਂ ਗਲਾਂ-ਖਬਰਾਂ' ਤਾਂ ਮਰਦਾਨੇ ਕਹਿਆ, 'ਮਹਿਤਾ ਜੀ! ਤੁਸੀਂ ਗਿਣਤੀ ਕਾਈ ਨ ਕਰੋ ਜੀ। ਗੁਰੂ ਨਾਨਕ ਜੀ ਤੇਰੇ ਘਰੁ ਚੰਦੁ ਸੂਰਜੁ ਅਤੇ ਰਾਮੁ ਕਿਸ਼ਨ ਅਉਤਾਰ ਲੀਤਾ ਹੈ ਜੀ। ਮਹਿਤਾ ਜੀ! ਤੁਸੀਂ ਅਨੰਦੁ ਮੰਗਲੁ ਗਾਵੋ ਜੀ।' ਤਾਂ ਕਾਲੂ ਕਹਿਆ, 'ਸੁਣਦੇ ਹੋ ਲੋਕੋ! ਨਾਨਕ ਤਾਂ ਮੇਰਾ ਨਾਉਂ ਡੋਬਿਆ ਹੈ ਜੀ, ਅਤੇ ਏਹੁ ਬਿਅਕਲ ਡੂਮੁ ਆਖਦਾ ਹੈ ਜੀ, ਜੋ ਤੇਰੇ ਘਰੁ ਚੰਦੁ ਸੁਰਜੂ ਅਤੇ ਰਾਮ ਕਿਸ਼ਨ ਪੈਦਾ ਹੋਇਆ ਹੈ ਜੀ।' ਤਾਂ ਮਰਦਾਨੇ (ਬੜੀ ਗੰਭੀਰਤਾ ਨਾਲ) ਆਖਿਆ 'ਜਿਜਮਾਨੁ! ਤੈਨੂੰ ਏਹਾ ਖਬਰੁ ਹੈ ਜੀ।"

(ਅ) "ਤਾਂ ਫੇਰ ਰਾਇ ਬੁਲਾਰ ਨੇ ਆਪਣਾ ਆਦਮੀ ਭੇਜ ਕੇ ਭਾਈ ਮਰਦਾਨੇ ਨੂੰ ਸੱਦਿਆ ਅਤੇ ਗੁਰੂ ਨਾਨਕ ਦੀਆਂ ਖਬਰਾਂ ਪੁੱਛੀਆਂ :

"ਤਾਂ ਮਰਦਾਨੇ ਆਖਿਆ, 'ਲਵੋ ਰਾਇ ਜੀ! ਗੁਰੂ ਨਾਨਕ ਦੀਆਂ ਗਲਾਂ-ਖਬਰਾਂ। ਗੁਰੂ ਨਾਨਕ ਜੀ ਪਾਤਸ਼ਾਹਾਂ ਦਾ ਪਾਤਸ਼ਾਹ, ਗੁਰੂ ਨਾਨਕ ਜੀ ਪੀਰਾਂ ਦਾ ਪੀਰੁ, ਗੁਰੂ ਨਾਨਕ ਜੀ ਫਕੀਰਾਂ ਸਿਰਿ ਫਕੀਰੁ। ਰਾਇ ਜੀ! ਗੁਰੂ ਨਾਨਕ ਜੀ ਦੇ ਤੁਲਿ ਅਜ ਕੋਈ ਨਾਹੀਂ ਹੈ ਜੀ। ਰਾਇ ਜੀ, ਗੁਰੂ ਨਾਨਕ ਜੀ ਦੇ ਉਪਰੁ ਇਕ ਖੁਦਾਇ ਹੈ ਜੀ। ਗੁਰੂ ਨਾਨਕ ਜੀ ਨੂੰ ਖੁਦਾਇ ਵਡਾ ਮਰਾਤਬਾ ਦਿੱਤਾ ਹੈ ਜੀ।' ਤਾਂ ਮਰਦਾਨੇ ਨੂੰ ਰਾਇ ਕਹਿਆ, 'ਮਰਦਾਨਾ! ਤੂੰ ਸਚੁ ਆਖਦਾ ਹੈ ਜੀ। ਗੁਰੂ ਨਾਨਕ ਜੀ ਐਸਾ ਹੀ ਪਰਵਾਨੁ ਹੈ ਜੀ।'"

(ਦੇਖੋ ਹੱਥ-ਲਿਖਿਤ ਜਨਮ-ਸਾਖੀ ਗੁਰੂ ਨਾਨਕ, ਸੰਮਤ ੧੮੯੨ ਬਿ.)

ਰਾਇ ਬੁਲਾਰ ਉਸ ਸਮੇਂ ਬੜਾ ਬਿਰਧ ਹੋ ਚੁੱਕਾ ਸੀ, ਇਸ ਲਈ ਭਾਈ ਮਰਦਾਨੇ ਹੱਥ ਉਸ ਦੀ ਪ੍ਰੀਤ-ਮਿਲਣੀ ਦਾ ਸੰਦੇਸ਼ ਪੁੱਜਣ ਉੱਤੇ ਗੁਰੂ ਨਾਨਕ ਖ਼ੁਦ ਸੈਦਪੁਰੋਂ ਤਲਵੰਡੀ ਪੁੱਜੇ ਤੇ ਭਾਈ ਮਰਦਾਨੇ ਸਮੇਤ, ਰਾਇ ਜੀ ਦੇ ਨਾਲ ਹੀ, ਆਪਣੇ ਮਾਤਾ-ਪਿਤਾ ਨੂੰ ਵੀ ਮਿਲ ਗਏ।



Sri Satguru Jagjit Singh Ji Elibrary NamdhariElibrary@gmail.com

ਭਾਈ ਮਰਦਾਨਾ ਤੇ ਗੁਰੂ ਨਾਨਕ ਦੀਆਂ ਸੰਸਾਰ-ਫੇਰੀਆਂ :

ਇਸ ਤਰ੍ਹਾਂ ਗੁਰੂ ਨਾਨਕ ਨੇ ਪਹਿਲਾਂ ਰੋੜੀ ਸਾਹਿਬ, ਸੈਦਪੁਰ ਤਪ-ਸਾਧਨਾ ਕਰ ਕੇ ਆਪਣੇ ਸਰੀਰ ਨੂੰ ਚੰਗੀ ਤਰ੍ਹਾਂ ਸਾਧਿਆ, ਨਾਲੇ ਇਕ ਵੇਰ ਤਲਵੰਡੀਓਂ ਵੀ ਹੋਆਏ ਤੇ ਫੇਰ ਇਕ ਚੰਗੇ ਯਾਤਰੂ ਵਾਂਗ ਦੇਸ਼ਾਟਨ ਲਈ ਕਮਰਾਂ ਕੱਸੀਆਂ। ਭਾਈ ਬਾਲਾ ਸੰਧੂ ਤਾਂ ਇਕ ਜਫ਼ਾਕਸ਼ ਜੱਟ ਹੋਣ ਕਰਕੇ ਪਹਿਲਾਂ ਹੀ ਨਵਾਂ ਨਰੋਆ ਸੀ, ਪਰ ਭਾਈ ਮਰਦਾਨਾ ਮਿਰਾਸੀ ਉੱਚਾ ਲੰਮਾ ਗੱਭਰੂ ਹੋਣ ਦੇ ਬਾਵਜੂਦ, ਆਮ ਕਲਾਕਾਰਾਂ ਵਾਂਗ, ਸਰੀਰ ਦਾ ਕੁੱਝ ਨਾਜ਼ਕ ਸੀ। ਰਾਤ ਕਿਤੇ, ਦਿਨ ਕਿਤੇ ਗੁਜ਼ਾਰਨ ਕਰਕੇ, ਬੇ-ਅਰਾਮੀ, ਰਾਹਾਂ ਦੀ ਥਕਾਵਟ ਤੇ ਭੁੱਖ-ਤ੍ਰੇਹ, ਉਸ ਦੇ ਕਾਬੂ ਵਿਚ ਨਹੀਂ ਸਨ। ਪਰ ਸੰਗੀਤ ਦੇ ਹੁਨਰ ਦਾ ਉਹ ਪੂਰਾ ਮਾਹਿਰ ਸੀ ਜਿਸ ਤੋਂ ਗੁਰੂ ਨਾਨਕ ਚੰਗੀ ਤਰ੍ਹਾਂ ਜਾਣੂੰ ਸਨ।

ਸੈਦਪੁਰੋਂ ਚੱਲ ਕੇ ਜਦ ਗੁਰੂ ਨਾਨਕ ਪਿੰਡਾਂ ਤੇ ਨਗਰਾਂ ਵਿੱਚੋਂ ਹੁੰਦੇ ਹੋਏ ਵਣਜਾਰਿਆਂ ਦੀ ਇਕ ਬਸਤੀ, ਪਿੰਡ ਘਵਿੰਡੀ, ਥਾਣਾ ਬਰਕੀ (ਇਲਾਕਾ ਲਾਹੌਰ) ਵਿਚ ਗਏ ਤਾਂ ਉੱਥੇ ਇਕ ਅਜੀਬ ਘਟਨਾ ਪੇਸ਼ ਆਈ। ਉੱਥੇ ਇਕ ਵਣਜਾਰੇ ਦੇ ਘਰ ਪੁੱਤਰ ਜਨਮਿਆ ਸੀ, ਜਿਸ ਕਾਰਣ ਮਦ-ਮਸਤੀ ਵਿਚ ਬੜੇ ਰੰਗ-ਤਮਾਸ਼ੇ ਹੋ ਰਹੇ ਸਨ ਤੇ ਹਰ ਪਾਸਿਓਂ ਵਧਾਈਆਂ ਮਿਲ ਰਹੀਆਂ ਸਨ। ਅਲਤਾ (ਲਾਖ ਤੋਂ ਬਣੇ ਲਾਲ ਰੰਗ) ਤੇ ਸੁਗੰਧਿਤ ਅਤਰ-ਫੁਲੇਲਾਂ ਦਾ ਹਰ ਪਾਸੇ ਛਿੜਕਾਉ ਹੋ ਰਿਹਾ ਸੀ। ਇਸ ਤਰ੍ਹਾਂ ਵਣਜਾਰੇ ਦੇ ਘਰ ਤਾਂ ਅਨੰਦ-ਮੰਗਲਾਚਾਰ ਹੋ ਰਹੇ ਸਨ, ਤੇ ਨਾਨਾ ਪ੍ਰਕਾਰ ਦੇ ਮਿੱਠੇ ਤੇ ਸਲੂਣੇ ਪਕਵਾਨ ਪਰੋਸੇ ਜਾ ਰਹੇ ਸਨ, ਪਰ ਗੁਰੂ ਨਾਨਕ ਤੇ ਉਨ੍ਹਾਂ ਦੇ ਸਾਥੀ, ਭਾਈ ਮਰਦਾਨੇ ਤੇ ਬਾਲੇ ਦੇ ਪ੍ਰਸਾਦ-ਪਾਣੀ ਦੀ ਕਿਸੇ ਖ਼ਬਰ-ਸਾਰ ਵੀ ਨਾ ਪੁੱਛੀ। ਇਹ ਦੇਖ ਕੇ ਭਾਈ ਮਰਦਾਨਾ, ਜੋ ਭੁੱਖ-ਤ੍ਰੇਹ ਨਾਲ ਡਾਢਾ ਤੰਗ ਹੋ ਰਿਹਾ ਸੀ, ਬੋਲ ਉੱਠਿਆ, 'ਗੁਰੂ ਜੀ! ਇਸ ਮਦ-ਮਸਤ ਨਾਇਕ ਵਣਜਾਰੇ ਨੇ ਤਾਂ ਸਾਡੀ ਖ਼ਬਰ ਵੀ ਨਾ ਪੁੱਛੀ। ਇਸ ਵਣਜਾਰੇ ਦੇ ਘਰ ਪੁੱਤਰ ਜੰਮਿਆ ਹੈ, ਪਰ ਇਹ ਆਪਣੀ ਹੂ-ਹਵਾਇ ਵਿਚ ਐਵੇਂ ਮਸਤ ਹੋਇਆ ਫਿਰਦਾ ਹੈ। ਜੇ ਹੁਕਮ ਹੋਵੇ ਤਾਂ ਮੈਂ ਇਸ ਦੇ ਘਰੋਂ ਕੁਝ ਮੰਗ ਲਿਆਵਾਂ?' ਅੰਤਰਜਾਮੀ ਗੁਰੂ ਨਾਨਕ ਨੇ ਬੜੀ ਗੰਭੀਰਤਾ ਨਾਲ ਸੁਭਾਵਿਕ ਹੀ ਉੱਤਰ ਦਿੱਤਾ, 'ਭਾਈ ਮਰਦਾਨਿਆ, ਇਸ ਦੇ ਘਰ ਪੁੱਤਰ ਨਹੀਂ ਕਰਜ਼ਾਈ ਆਇਆ ਹੈ। ਚਾਰ ਪਹਿਰ ਰਾਤਿ ਰਹੈਗਾ ਅਤੇ ਭਲਕੇ ਨੂੰ ਉਠਿ ਜਾਵੇਗਾ। ਪਰ ਜੇ ਤੇਰੇ ਮਨਿ ਆਈ



Sri Satguru Jagjit Singh Ji Elibrary NamdhariElibrary@gmail.com

ਹੈ ਤਾਂ ਤੂੰ ਜਾਹਿ ਅਸੀਸ ਨਾ ਦੇਵੀਂ ਤੇ ਚੁਪ ਕੀਤਾ ਜਾਇ ਖੜਾ ਹੋਵੀਂ।' ਤਾਂ ਭਾਈ ਮਰਦਾਨਾ ਉਸ ਨਾਇਕ ਵਣਜਾਰੇ ਦੇ ਬੂਹੇ ਅੱਗੇ ਗਇਆ ਅਤੇ ਚੁਪ ਕੀਤਾ ਹੀ ਖੜਾ ਹੋਇ ਰਹਿਆ। ਤਾਂ ਭੀ ਕਿਨੈ ਖ਼ਬਰ ਨਾ ਲੀਤੀ। ਤਾਂ ਫੇਰਿ ਮਰਦਾਨਾ ਭੁੱਖਾ ਹੀ ਉਠਿ ਆਇਆ। ਜਦ ਅਗਲੀ ਭਲਕ ਹੋਈ ਤਾਂ ਗੁਰੂ ਨਾਨਕ ਦਾ ਉਹ (ਭਵਿੱਖ) ਬਚਨ ਸਹੀ ਸਾਬਤ ਹੋਇਆ ਤੇ ਉਹ ਬਾਲਕ ਚਲਿ ਗਇਆ ਤੇ ਉਹ ਵਣਜਾਰੇ ਜੋ ਪਹਿਲਾਂ ਆਪਸ ਵਿਚ ਅਲਤਾ-ਅਬੀਰ ਉਡਾਉਂਦੇ ਤੇ ਹੱਸਦੇ ਖੇਡਦੇ ਸਨ, ਉਸ ਬੱਚੇ ਦਾ ਮੁਰਦਾ ਸਰੀਰ ਲਈ, ਰੋਂਦੇ-ਪਿਟਦੇ ਆ ਨਿਕਲੇ।[1]

ਇਹ ਨਜ਼ਾਰਾ ਦੇਖ ਕੇ ਗੁਰੂ ਨਾਨਕ ਇਸ ਤੋਂ ਅੱਗੇ ਪਿੰਡ ਕੰਗਣਪੁਰ, ਤਹਿਸੀਲ ਚੂਹਣੀਆਂ (ਲਾਹੌਰ) ਜਾ ਪਹੁੰਚੇ, ਜਿੱਥੇ ਲੋਕਾਂ ਨੇ ਗੁਰੂ ਜੀ ਦੀ ਸੇਵਾ ਤਾਂ ਕੁੱਝ ਨਾ ਕੀਤੀ, ਸਗੋਂ ਮਖ਼ੌਲ ਉਡਾ ਕੇ ਉਨ੍ਹਾਂ ਦਾ ਉੱਥੇ ਠਹਿਰਨਾ ਵੀ ਦੁੱਭਰ ਕਰ ਦਿੱਤਾ। ਗੁਰੂ ਸਾਹਿਬ ਇਹ ਹੀ ਕਹਿ ਕੇ ਕਿ 'ਇਹ ਪਿੰਡ ਵੱਸਦਾ ਰਹੇ' ਉੱਥੋਂ ਚੱਲਦੇ ਬਣੇ। ਫੇਰ ਇਸੇ ਇਲਾਕੇ ਦੇ ਪਿੰਡ 'ਮਾਣਕ ਦੇ ਕੇ' ਜਾ ਠਹਿਰੇ। ਉੱਥੋਂ ਦੇ ਲੋਕਾਂ ਨੇ ਉਨ੍ਹਾਂ ਦੀ ਚੰਗੀ ਟਹਿਲ-ਸੇਵਾ ਕੀਤੀ ਤੇ ਛੱਤੀ ਪ੍ਰਕਾਰ ਦੇ ਪਦਾਰਥ ਤੇ ਭੋਜਨ ਅੱਗੇ ਲਿਆ ਰੱਖੇ। ਗੁਰੂ ਜੀ ਉੱਥੋਂ ਇਹ ਕਹਿ ਕੇ ਚੱਲ ਪਏ ਕਿ 'ਇਹ ਨਗਰ ਉੱਜੜ ਜਾਵੇ।' ਗੁਰੂ ਜੀ ਦੇ ਇਹ ਅਨੋਖੇ ਵਰ-ਸਰਾਪ ਸੁਣ ਕੇ ਭਾਈ ਮਰਦਾਨੇ ਤੋਂ ਰਹਿ ਨਾ ਹੋਇਆ ਤੇ ਉਹ ਬੋਲ ਉੱਠਿਆ, 'ਮਹਾਰਾਜ! ਆਪ ਚੰਗਾ ਇਨਸਾਫ਼ ਕਰਦੇ ਹੋ? ਜਿੱਥੇ ਲੋਕਾਂ ਨੇ ਸਾਡੀ ਕੋਈ ਟਹਿਲ-ਸੇਵਾ ਨਾ ਕੀਤੀ, ਸਗੋਂ ਮਖ਼ੌਲ ਕਰ ਕੇ ਦੁਰਕਾਰਿਆ ਉੱਥੇ ਤਾਂ ਤੁਸੀਂ 'ਇਹ ਪਿੰਡ ਵੱਸਦਾ ਰਹੇ' ਕਹਿ ਕੇ ਆਸ਼ੀਰਵਾਦ ਦੇ ਦਿੱਤਾ ਤੇ ਫੇਰ ਅੱਗੇ ਜਾਣ ਉੱਤੇ ਜਿੱਥੇ ਸ਼ਰਧਾਲੂ ਲੋਕਾਂ ਨੇ ਸਾਡੀ ਚੰਗੀ ਟਹਿਲ-ਤਵਾਜ਼ਾ ਕੀਤੀ ਤੇ ਛੱਤੀ ਪ੍ਰਕਾਰ ਦੇ ਭੋਜਨ ਛਕਾਏ ਉੱਥੇ ਆਪ ਨੇ ਇਹ ਆਖ ਕੇ ਸਰਾਪ ਦੇ ਦਿੱਤਾ ਕਿ ਇਹ ਨਗਰ ਉੱਜੜ ਜਾਵੇ। ਇਹ ਅਨੋਖੇ ਵਰ-ਸਰਾਪ ਕਿਉਂ?' ਇਸ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਸਾਹਿਬ ਨੇ ਹੱਸ ਕੇ ਕਿਹਾ, 'ਭਾਈ ਮਰਦਾਨਿਆ! ਤੁਸਾਂ ਇਸ ਕਥਨ ਦੇ ਗੂੜ੍ਹ

---

1 ਦੇਖੋ ਹੱਥ-ਲਿਖਿਤ ਜਨਮ-ਸਾਖੀ ਗੁਰੂ ਨਾਨਕ, ਸੰਮਤ ੧੮੮੨ ਬਿਕ੍ਰਮੀ; ਭਾਈ ਕਾਨ੍ਹ ਸਿੰਘ ਨਾਭਾ ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ਅਤੇ **Sikh Shrines in West Pakistan by Mohd. Wali-Ullah Khan, Lahore.**



Sri Satguru Jagjit Singh Ji Elibrary NamdhariElibrary@gmail.com

ਰਹੱਸ ਨੂੰ ਨਹੀਂ ਸਮਝਿਆ। ਜਿਨ੍ਹਾਂ ਲੋਕਾਂ ਨੇ ਉਚਿਤ ਆਦਰ-ਭਾਉ ਕਰਨ ਦੀ ਥਾਵੇਂ ਸਾਡਾ ਮਖੌਲ ਉਡਾਇਆ ਹੈ, ਉਹ ਲੋਕ ਜੇ ਉੱਥੇ ਵੱਸਦੇ ਰਹਿਣ ਤਾਂ ਠੀਕ ਹੈ, ਨਹੀਂ ਤਾਂ ਉਹ ਜਿੱਥੇ ਵੀ ਜਾਣਗੇ ਉੱਥੇ ਆਪਣੇ ਭੈੜੇ ਵਰਤਾਉ ਦਾ ਗੰਦ ਹੀ ਖਿਲਾਰਨਗੇ। ਬਾਕੀ ਰਿਹਾ ਦੂਜਾ ਪਿੰਡ, ਜਿੱਥੇ ਸਾਡਾ ਬੜਾ ਸਤਕਾਰ ਹੋਇਆ ਹੈ, ਉਸ ਪਿੰਡ ਦਾ ਉੱਜੜ ਜਾਣਾ ਹੀ ਦੇਸ਼-ਕੌਮ ਲਈ ਲਾਭਦਾਇਕ ਹੈ, ਕਿਉਂਕਿ ਉਹ ਲੋਕ ਜਿੱਥੇ ਵੀ ਜਾਣਗੇ ਉੱਥੇ ਨੇਕੀ ਦਾ ਪ੍ਰਚਾਰ ਹੀ ਕਰਨਗੇ।' ਭਾਈ ਮਰਦਾਨਾ ਗੁਰੂ ਨਾਨਕ ਦਾ ਇਹ ਦੂਰ-ਦਰਸ਼ੀ ਤੇ ਨਿਆਂਈਂ ਉੱਤਰ ਸੁਣ ਕੇ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਕਹਿੰਦਾ ਹੋਇਆ ਚੁੱਪ ਹੋ ਗਿਆ।

ਏਥੇ ਹੀ ਬੱਸ ਨਹੀਂ, ਗੁਰੂ ਨਾਨਕ ਨੇ ਭਾਈ ਮਰਦਾਨੇ ਨੂੰ ਹੋਰ ਵੀ ਅਨੇਕ ਥਾਵੀਂ ਆਪਣੇ ਸ਼ੁਭ ਉਪਦੇਸ਼ਾਂ ਰਾਹੀਂ ਪੂਰਾ ਪੂਰਾ ਬ੍ਰਹਮ-ਵੇਤਾ ਬਣਾਣ ਦਾ ਜਤਨ ਕੀਤਾ, ਜਿਵੇਂ ਕਿ ਗੁਰੂ ਸਾਹਿਬ ਦੀ ਪਹਿਲੀ ਉਦਾਸੀ ਦਾ ਇਕ ਉਦਾਹਰਣ ਹੈ। ਗੁਰੂ ਸਾਹਿਬ ਅਨੇਕਾਂ ਨਦੀ-ਨਾਲਿਆਂ ਨੂੰ ਲੰਘਦੇ ਹੋਏ ਜਦ ਇਕ ਪਿੰਡ ਦੇ ਨੇੜੇ ਪੁੱਜੇ ਤਾਂ ਭਾਈ ਮਰਦਾਨੇ ਨੂੰ ਭੁੱਖ ਲੱਗੀ। ਉਹ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਉੱਥੇ ਉੱਪਲ ਖੱਤਰੀਆਂ ਦੀ ਬਸਤੀ ਵਿਚ ਜਾ ਵੜਿਆ। ਅੱਗੋਂ ਉਨ੍ਹਾਂ ਸ਼ਰਧਾਲੂ ਲੋਕਾਂ ਨੇ ਭਾਈ ਮਰਦਾਨੇ ਦੀ ਰੱਜ ਕੇ ਟਹਿਲ-ਸੇਵਾ ਕੀਤੀ, ਚੰਗੇ ਤੋਂ ਚੰਗੇ ਕੀਮਤੀ ਬਸਤਰ ਤੇ ਅਨੇਕਾਂ ਪੰਜੀਹੇ (ਪੰਜੀ ਪੰਜੀ ਰੁਪਇਆਂ ਦੇ ਨਜ਼ਰਾਨੇ) ਦੇ ਕੇ ਤੋਰਿਆ। ਜਦ ਭਾਈ ਮਰਦਾਨਾ ਉਹ ਸਾਰੀ ਕਾਰ-ਭੇਟ ਲੈ ਕੇ ਗੁਰੂ ਸਾਹਿਬ ਦੇ ਹਜ਼ੂਰ ਗਿਆ ਤਾਂ ਅੱਗੋਂ ਗੁਰੂ ਬਾਬਾ ਹੱਸਦਾ ਹੱਸਦਾ ਨਲੇਟ ਹੋ ਕੇ ਕਹਿਣ ਲੱਗਾ, 'ਮਰਦਾਨਿਆ, ਇਹ ਕੀ ਆਂਦੋ ਈ?' ਮਰਦਾਨੇ ਨੇ ਅਧੀਨਗੀ ਨਾਲ ਅਰਦਾਸ ਕੀਤੀ, 'ਜੀ ਪਾਤਸ਼ਾਹ! ਤੇਰੇ ਨਾਵੇਂ ਸਦਕਾ ਸਭ ਸੰਸਾਰੁ ਉਛਲ ਪਇਆ, ਉਠਿ ਸੇਵਾ ਨੂੰ ਖੜਾ ਹੋਇਆ। ਮੈਂ ਆਖਿਆ ਜੁ ਇਹ ਵਸਤੁ ਗੁਰੂ ਬਾਬੇ ਪਾਸਿ ਲੈ ਜਾਈਂ।' ਅੱਗੋਂ ਬਾਬੇ ਆਖਿਆ, 'ਮਰਦਾਨਿਆ, ਭਲਾ ਕੀਤਾ ਆਂਦੋ ਈ, ਪਰ ਅਸਾਂ ਇਹ ਦੁਨੀਆਵੀ ਸਾਮਗ੍ਰੀ ਕੀ ਕਰਨੀ ਹੈ?' ਭਾਈ ਮਰਦਾਨਾ, ਜੋ ਲਬ-ਲੋਭ ਤੋਂ ਰਹਿਤ ਗੁਰੂ ਜੀ ਦਾ ਬੜਾ ਆਗਿਆਕਾਰ ਤੇ ਸਤਿਵਦਨੀ ਸੇਵਕ ਸੀ, ਕਹਿਣ ਲੱਗਾ, 'ਜੋਓ ਪਾਤਸ਼ਾਹ, ਕੀ ਕਰੀਂ?' ਬਾਬੇ ਆਖਿਆ, 'ਮਰਦਾਨਿਆ, ਸਟਿ ਘਤੁ।' ਤਾਂ ਭਾਈ ਮਰਦਾਨੇ ਨੇ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਉਹ ਸਭ ਕੁੱਝ ਉੱਥੇ ਹੀ ਸੁੱਟ ਘੱਤਿਆ ਤੇ ਫੇਰ ਉੱਥੋਂ ਅੱਗੇ ਨੂੰ ਰਵਦੇ ਰਹੇ।



Sri Satguru Jagjit Singh Ji Elibrary NamdhariElibrary@gmail.com

## ਪਹਿਲੀ ਉਦਾਸੀ ਦੇ ਤਿੰਨ ਪ੍ਰਮਾਣ :

ਇਹ ਤਾਂ ਹੋਈਆਂ ਗੁਰੂ ਨਾਨਕ ਅਤੇ ਭਾਈ ਮਰਦਾਨੇ ਦੀਆਂ ਪੰਜਾਬ-ਫੇਰੀਆਂ ਦੀਆਂ ਘਟਨਾਵਾਂ, ਹੁਣ ਅੱਗੇ ਲਵੋ ਪਹਿਲੀ ਪੂਰਬ ਦੀ ਉਦਾਸੀ ਦੇ ਤਿੰਨ ਪ੍ਰਮਾਣ। ਗੁਰੂ ਨਾਨਕ ਅਤੇ ਭਾਈ ਮਰਦਾਨਾ ਜਦ ਲੰਘ ਕੇ ਦਿੱਲੀ, ਹਰਿਦੁਆਰ (ਗੰਗਾ), ਪ੍ਰਯਾਗ, ਬਨਾਰਸ, ਪਟਨਾ (ਬਿਹਾਰ) ਆਦਿ ਥੀ ਹੁੰਦੇ ਹੋਏ ਵਾੜੇ ਬੰਗਾਲੇ ਦੀ ਧਰਤੀ, ਕਾਮ-ਰੂਪ (ਕਾਵਰੂ ਦੇਸ਼), ਜੋ ਜਾਦੂਗਰਾਂ ਤੇ ਟੂਣੇਹਾਰਾਂ ਦਾ ਇਲਾਕਾ ਮੰਨਿਆ ਜਾਂਦਾ ਹੈ, ਜਾ ਪਹੁੰਚੇ ਤਾਂ ਭਾਈ ਮਰਦਾਨੇ ਨੂੰ ਡਾਢੀ ਭੁੱਖ ਲੱਗੀ। ਗੁਰੂ ਸਾਹਿਬ ਦੇ ਕਹਿਣ ਉੱਤੇ ਵੀ ਕਿ ਕਾਮ-ਰੂਪ (ਗੋਹਾਟੀ) ਵਿਚ ਤ੍ਰਿਯਾ-ਰਾਜ ਹੈ, ਇਸ ਲਈ ਇਸ ਤੋਂ ਦੂਰ ਰਹਿਣਾ ਹੀ ਮੁਨਾਸਿਬ ਹੈ, ਭਾਈ ਮਰਦਾਨਾ, ਜਿਸ ਦੇ ਪੇਟ ਵਿਚ ਭੁੱਖ ਗਿੱਧਾ ਪਾ ਰਹੀ ਸੀ, ਪਾਸਾ ਵੱਟ ਕੇ ਚੁਪੀਤਾ ਹੀ ਆਪ ਮੁਹਾਰਾ ਹੋ ਤੁਰਿਆ ਤੇ ਅੱਗੇ ਜਾ ਕੇ ਜਾਦੂਗਰਨੀਆਂ ਦੇ ਜਾਲ ਵਿਚ ਫਸ ਗਿਆ। ਜਨਮ-ਸਾਖੀ ਗੁਰੂ ਨਾਨਕ (ਭਾਈ ਪੈੜਾ ਮੋਖਾ) ਵਿਚ ਲਿਖਿਆ ਹੈ ਕਿ ਟੂਣੇਹਾਰ ਜ਼ਨਾਨੀਆਂ ਨੇ ਮੰਤਰ ਮਾਰ ਕੇ ਉਸ ਨੂੰ ਮੀਢਾ ਬਣਾ ਲਿਆ। ਪਤਾ ਲੱਗਣ ਉੱਤੇ ਗੁਰੂ ਨਾਨਕ ਭਾਈ ਬਾਲੇ ਸਮੇਤ ਉੱਥੇ ਗਏ ਤੇ ਉਸ ਨੂੰ ਉੱਥੋਂ ਆਪਣੇ ਆਤਮਿਕ ਬਲ ਨਾਲ ਛੁਡਾ ਕੇ ਵਾਪਸ ਲਿਆਂਦਾ, ਜਿਸ ਕਾਰਣ ਕਾਮ-ਰੂਪ ਦਾ ਸਾਰਾ ਇਲਾਕਾ ਗੁਰੂ ਨਾਨਕ ਦੇ ਚਰਨੀਂ ਆ ਪਿਆ।

ਉੱਥੋਂ ਹਟ ਕੇ, ਇਸੇ ਤਰ੍ਹਾਂ, ਜਦ ਗੁਰੂ ਨਾਨਕ ਮੱਧ-ਭਾਰਤ ਦੇ ਜੰਗਲਾਂ ਵਿਚ ਪੁੱਜੇ ਤਾਂ ਭਾਈ ਮਰਦਾਨਾ ਉੱਥੋਂ ਦੂਰ-ਦੁਰਾਡੇ ਦੇਸ਼ਾਂ ਦੇ ਬਿਖੜੇ ਪੈਂਡੇ ਤੇ ਨਿੱਤ ਦੇ ਭੁੱਖ ਦੇ ਦੁੱਖਾਂ ਤੋਂ ਤੰਗ ਆ ਕੇ ਪੰਜਾਬ ਨੂੰ ਰੁੱਸ ਟੁਰਿਆ, ਪਰ ਜਦ ਅਜੇ ਉਹ ਥੋੜੀ ਦੂਰ ਹੀ ਗਿਆ ਸੀ ਤਾਂ ਆਦਮਖੋਰ ਕੌਡੇ ਰਾਕਸ਼ ਦੇ ਫੰਧੇ ਵਿਚ ਜਾ ਫਸਿਆ। ਉਹ ਰਾਕਸ਼ ਉਸ ਨੂੰ ਉਬਲਦੇ ਤੇਲ ਦੇ ਕੜਾਹੇ ਵਿਚ ਤਲਣ ਹੀ ਲੱਗਾ ਸੀ ਗੁਰੂ ਨਾਨਕ, ਭਾਈ ਬਾਲੇ ਸਮੇਤ, ਤੁਰੰਤ ਹੀ ਉੱਥੇ ਪੁੱਜੇ ਤੇ ਆਤਮਿਕ ਗਿਆਨ ਦੇ ਕੇ ਕੌਡੇ ਨੂੰ ਇਸ ਬੰਦੀ ਦੇ ਕਰਮ ਤੋਂ ਰੋਕ ਕੇ ਇਨਸਾਨੀਅਤ ਦੇ ਰਾਹ ਪਾਇਆ ਤੇ ਭਾਈ ਮਰਦਾਨੇ ਦੇ ਬੰਧਨ ਕੱਟ ਦਿੱਤੇ।

ਇੱਥੇ ਹੀ ਬੱਸ ਨਹੀਂ, ਜਦ ਉੱਥੋਂ ਅੱਗੇ ਗੁਰੂ ਨਾਨਕ ਇਕ ਸੰਘਣੇ ਜੰਗਲ ਵਿੱਚੋਂ ਦੀ ਲੰਘ ਰਹੇ ਸਨ ਤਾਂ ਮਰਦਾਨੇ ਨੇ ਭੁੱਖ ਲੱਗਣ ਉੱਤੇ ਗੁਰੂ ਜੀ ਤੋਂ ਕੁੱਝ ਖਾਣ ਲਈ



Sri Satguru Jagjit Singh Ji Elibrary NamdhariElibrary@gmail.com

ਮੰਗਿਆ। ਗੁਰੂ ਸਾਹਿਬ ਨੇ ਅੱਗੋਂ ਹੱਸ ਕੇ ਇਕ ਦਰਖਤ ਵੱਲ ਇਸ਼ਾਰਾ ਕੀਤਾ ਤੇ ਕਿਹਾ ਕਿ 'ਭਾਈ ਮਰਦਾਨੇ ! ਇਸ ਦਰਖ਼ਤ ਦੇ ਫਲ ਤੋੜ ਕੇ ਖਾਹ ਤੇ ਆਪਣੀ ਭੁੱਖ ਮਿਟਾ ਲੈ, ਪਰ ਪੱਲੇ ਨਾ ਬੰਨ੍ਹੀਂ।' ਭਾਈ ਮਰਦਾਨੇ ਨੇ ਗੁਰੂ ਜੀ ਦਾ ਬਚਨ ਮੰਨ ਕੇ, ਉਸ ਦਰਖ਼ਤ ਦੇ ਫਲ ਤੋੜ ਕੇ ਖਾਧੇ ਤੇ ਭੁੱਖ ਮਿਟਾ ਲਈ, ਪਰ ਪਿੱਛੋਂ ਲਾਲਚ ਵਿਚ ਆ ਕੇ, ਕੁੱਝ ਫਲ ਤੋੜ ਕੇ ਪੱਲੇ ਵੀ ਬੰਨ੍ਹ ਲਏ। ਕਈ ਫਲ ਤਾਜ਼ੇ ਤਾਂ ਅਮ੍ਰਿਤ ਵਰਗੇ ਹੁੰਦੇ ਹਨ, ਪਰ ਜਦ ਬੇਹੇ-ਤ੍ਰਿਬੇਹੇ ਹੋ ਜਾਣ ਤਾਂ ਉਨ੍ਹਾਂ ਵਿਚ ਵਾ ਭਰ ਜਾਂਦੀ ਹੈ ਤੇ ਖਾਣ ਉੱਤੇ ਨੁਕਸਾਨਦਿਹ ਸਾਬਤ ਹੁੰਦੇ ਹਨ। ਇਹੋ ਹਾਲ ਉਨ੍ਹਾਂ ਫਲਾਂ ਦਾ ਹੋਇਆ। ਜਦ ਭਾਈ ਮਰਦਾਨੇ ਨੇ ਅੱਗੇ ਜਾ ਕੇ ਭੁੱਖ ਲੱਗਣ ਉੱਤੇ ਉਹੋ ਫਲ ਲੜੋਂ ਖੋਲ੍ਹ ਕੇ ਖਾਧੇ ਤਾਂ ਉਸ ਨੂੰ ਬੜੀ ਸਖ਼ਤ ਢਿੱਡ-ਪੀੜ ਹੋਣ ਲੱਗੀ ਤੇ ਲੱਗਾ ਲੋਟਣੀਆਂ ਖਾਣ। ਉਸ ਦੀ ਹਾਲ-ਪਾਹਰਿਆ ਸੁਣ ਕੇ ਗੁਰੂ ਸਾਹਿਬ ਕਹਿਣ ਲੱਗੇ, 'ਭਾਈ ਮਰਦਾਨਿਆ, ਤੂੰ ਬੁਰਾ ਕੀਤਾ ਜੋ ਹੁਕਮ-ਅਦੂਲੀ ਕੀਤੀ ਤੇ ਉਹ ਬੇਹੇ-ਤ੍ਰਿਬੇਹੇ ਫਲ ਖਾ ਕੇ ਢਿੱਡ-ਪੀੜ ਦੀ ਮੁਸੀਬਤ ਸਹੇੜ ਲਈ।' ਇਹ ਕਹਿ ਕੇ ਜਦ ਗੁਰੂ ਨਾਨਕ ਨੇ ਭਾਈ ਮਰਦਾਨੇ ਦੇ ਮੱਥੇ ਉੱਤੇ ਆਪਣਾ ਪੈਰ ਛੁਹਾਇਆ ਤਾਂ ਉਹ ਚੰਗਾ ਭਲਾ ਹੋ ਗਿਆ।

### ਭਾਈ ਮਰਦਾਨੇ ਦੀ ਆਖ਼ਰੀ ਪਰਖ :

ਗੁਰੂ ਨਾਨਕ ਦੀਆਂ ਉਦਾਸੀਆਂ ਅਥਵਾ ਸੰਸਾਰ-ਫੇਰੀਆਂ ਵਾਂਗੂੰ ਹੀ ਉਨ੍ਹਾਂ ਵਿਚ ਆਈਆਂ ਭਾਈ ਮਰਦਾਨੇ ਦੀਆਂ ਵਾਰਤਾਵਾਂ ਜਾਂ ਗੋਸ਼ਟਾਂ ਵੀ ਕੋਈ ਘੱਟ ਦਿਲਚਸਪ ਨਹੀਂ ਹਨ। ਗੁਰੂ ਸਾਹਿਬ ਉੱਤਰ, ਦੱਖਣ ਤੇ ਪੱਛਮ ਦੀਆਂ ਉਦਾਸੀਆਂ ਵਿਚ ਜਿਸ ਤਰ੍ਹਾਂ ਨਾਲ ਉੱਚਾਣਾਂ-ਨਿਵਾਣਾਂ ਨੂੰ ਗਾਹੁੰਦੇ ਹੋਏ ਬੜੀ ਤੇਜ਼ੀ ਨਾਲ, ਮਨਸਾ ਦੀ ਚਾਲ, ਜਿਸ ਪਾਸੇ ਵੀ ਚਾਹੁੰਦੇ ਹਵਾ ਵਾਂਗੂੰ ਉੱਡਦੇ ਚਲੇ ਜਾਂਦੇ ਸਨ, ਉਸੇ ਤਰ੍ਹਾਂ, ਭਾਈ ਮਰਦਾਨਾ ਵੀ ਉਨ੍ਹਾਂ ਦੇ ਪਿੱਛੇ ਉੱਡਦਾ ਹੋਇਆ ਚੱਲਦਾ ਸੀ। ਕਈ ਵੇਰ ਉਹ ਅਤਿ ਡਰਾਉਣੇ ਬਨ-ਪਰਬਤ ਤੇ ਅਤਿ ਡੂੰਘੀਆਂ ਪਹਾੜੀ ਖੱਡਾਂ ਦੇਖ ਕੇ ਚੀਕ ਉੱਠਦਾ ਸੀ, 'ਮਿਹਰਵਾਨ ਸੁਹਾਨ ਤੇਰੀ ਭਗਤਿ ਨੂੰ, ਅਸੀਂ ਡੂਮ ਮੁਲਖ ਦੇ ਟੁਕੜੇ ਮੰਗਿ ਮੰਗਿ ਖਾਣ ਵਾਲੇ, ਜਾਹਿ ਜਾਂਦੀ, ਉਦੂੰ ਭੀ ਗਏ। ਅਸੀਂ ਤਾਂ ਬੜੀ ਉਜਾੜ ਵਿਚ ਆਇ ਪਏ। ਮਤਾਂ ਕੋਈ ਸੀਂਹ ਬੁੱਕ ਪਉਂਦਾ ਈ, ਮਾਰਿ ਜਾਵੇਗਾ ਅਸਾਂ ਨੂੰ।' ਅੱਗੋਂ ਗੁਰੂ ਹੱਸ ਕੇ ਦਿਲਾਸਾ ਦਿੰਦੇ ਹੋਏ ਕਹਿੰਦੇ ਸਨ, 'ਮਰਦਾਨਿਆ, ਤੇਰੇ ਨੇੜੇ ਕਿਛੁ ਨਾਹੀਂ ਆਂਵਦਾ। ਤੂੰ ਹੁਸ਼ੀਆਰੁ



Sri Satguru Jagjit Singh Ji Elibrary NamdhariElibrary@gmail.com

ਹੋਇ।' ਏਥੇ ਹੀ ਬੱਸ ਨਹੀਂ; ਇਸ ਤੋਂ ਅੱਗੇ ਮਰਦਾਨਾ ਫੇਰ ਭੁੱਖ ਦੇ ਦੁੱਖੋਂ ਤੰਗ ਆ ਕੇ ਕੁਰਲਾ ਉੱਠਦਾ ਸੀ, 'ਜੀ, ਕਿਸੇ ਦਿਨੁ ਈਵੈ ਜਿੰਦੁ ਨਿਕਲ ਜਾਸੀ।' ਇਸ ਦੇ ਉੱਤਰ ਵਿਚ ਗੁਰੂ ਸਾਹਿਬ ਮੁਸਕਰਾ ਕੇ ਫ਼ਰਮਾਂਦੇ ਸਨ, 'ਮਰਦਾਨਿਆ, ਜਿੰਦ ਵੀ ਇਕੁ ਦਿਨੁ ਨਿਕਲਣੀ ਹੈ। ਜੇ ਤਾਂ ਭੁੱਖ ਨਾਲ ਨਿਕਲੇਗੀ ਤਾਂ ਅਸੀਂ ਫੇਰਿ ਪਾਇ ਲਈਏਗੇ। ਤੂੰ ਡਰੁ ਨਾਹੀਂ।' ਪਰ ਮਰਦਾਨੇ ਨੂੰ ਚੈਨ ਕਿੱਥੇ ? ਉਹ ਫੇਰ ਚੀਕਦਾ ਹੋਇਆ ਕਹਿੰਦਾ ਸੀ, 'ਜੀ ਤੂੰ ਸਚਾ ਹੈਂ, ਤੈਨੂੰ ਤਮਾ ਕਿਸੇ ਗੱਲ ਦੀ ਨਾਹੀ, ਅਸੀਂ ਕਿ ਜਾਪੇ ਤੇਰੇ ਨਾਲਿ ਕਿਉਂ ਕਰਿ ਜੀਂਵਦੇ ਫਿਰਦੇ ਹਾਂ।' ਤਾਂ ਫੇਰ ਗੁਰੂ ਨਾਨਕ ਉਸ ਨੂੰ ਧੀਰਜ ਦਿੰਦੇ ਹੋਏ ਕਹਿੰਦੇ ਸਨ, 'ਮਰਦਾਨਾ, ਤੂੰ ਈਵੈ ਜਾਣੁ, ਜੀਂਵਦੇ ਜੋ ਫਿਰਦੇ ਆਹੇ ਸੋ ਅਸਾਂ ਨੂੰ ਕਰਤਾਰੁ ਜੀਵਾਇੰਦਾ ਹੈ। (ਦੇਖੋ ਜਨਮ-ਸਾਖੀ ਗੁਰੂ ਨਾਨਕ, ਭਾਈ ਪੈੜਾ ਮੋਖਾ, ਹੱਥ-ਲਿਖਿਤ, ਸੰਮਤ ੧੮੮੨ ਬਿ.)

ਇਸ ਤੋਂ ਪਿੱਛੋਂ ਗੁਰੂ ਨਾਨਕ ਜਦ ਕਿਸੇ ਵੱਸਦੀ-ਰਸਦੀ ਨਗਰੀ ਵਿਚ ਉਸ ਨੂੰ ਇਹ ਕਹਿ ਕੇ ਭੇਜ ਦਿੰਦੇ ਸਨ, 'ਜਾਹ, ਮਰਦਾਨਿਆ ! ਤੂੰ ਇਸ ਨਗਰੀ ਵਿਚ ਜਾਹ ਤੇ ਜੋ ਮਰਜ਼ੀ ਹੋਵੇ ਲੈ ਕੇ ਖਾਹ। ਤੂੰ ਸਾਡਾ ਨਾਂ ਲਵੀ ਤੈਨੂੰ ਕੋਈ ਰੋਕੇਗਾ ਨਹੀਂ।' ਤਾਂ ਮਰਦਾਨਾ, ਖ਼ੁਸ਼ ਹੋ ਕੇ ਆਪ ਮੁਹਾਰਾ ਕਹਿ ਉੱਠਦਾ ਹੈ, 'ਦੇਖ ਮਨਾਂ ! ਜਿਥੇ ਕਿਥੇ ਵੀ ਜਾਈਏ, ਹਰ ਥਾਵੇਂ ਇਸ (ਗੁਰੂ ਬਾਬੇ) ਦੇ ਪੁਰਾਤਨ ਯਾਰ ਹੈਨ।' ਸੋ ਉਹ ਇਸ ਗੱਲੋਂ ਗੁਰੂ ਸਾਹਿਬ ਉੱਤੇ ਬਹੁਤ ਰੀਝਦਾ ਹੈ।

ਵੇਦਾਂਤ-ਦਰਸ਼ਨ ਵਿਚ ਬ੍ਰਹਮ-ਗਿਆਨ ਦੀਆਂ ਚਾਰ ਭੂਮਿਕਾਵਾਂ ਹਨ। ਗੁਰੂ ਨਾਨਕ ਦੀਆਂ ਚਾਰੇ ਉਦਾਸੀਆਂ ਭਾਈ ਮਰਦਾਨੇ ਲਈ ਉਨ੍ਹਾਂ ਗਿਆਨ-ਭੂਮਿਕਾਵਾਂ ਦਾ ਹੀ ਦਰਜਾ ਰੱਖਦੀਆਂ ਹਨ, ਜਿਨ੍ਹਾਂ ਵਿਚ ਉਹ ਪਰਖ ਦੀ ਕਸਵੱਟੀ ਉੱਤੇ ਕੱਸੇ ਜਾਣ ਉੱਤੇ ਬਾਰਾਂ ਵੰਨੀ ਦਾ ਸ਼ੁੱਧ ਸੋਨਾ ਸਾਬਤ ਹੋਇਆ। ਪ੍ਰਮਾਣ ਵਜੋਂ, ਗੁਰੂ ਨਾਨਕ ਦੀ ਚੌਥੀ ਉਦਾਸੀ ਵਿਚ, ਜੋ ਪੱਛਮ ਦੀ ਉਦਾਸੀ ਦੇ ਨਾਂ ਨਾਲ ਪ੍ਰਸਿੱਧ ਹੈ, ਇਕ ਦਿਨ ਭਾਈ ਮਰਦਾਨੇ ਭੁੱਖ ਦੇ ਦੁੱਖੋਂ ਡਾਢੇ ਤੰਗ ਆ ਕੇ ਕਿਹਾ, 'ਮਿਹਰਵਾਨ, ਤੂੰ ਅਤੀਤ ਪੁਰਖੁ, ਕਿਛੁ ਖਾਹਿ ਨਾਹੀ, ਪੀਏਂ ਨਾਹੀ, ਕਿਸੇ ਵਸਦੀ ਵੜੇ ਨਾ, ਹਉਂ ਕਿਉਂ ਕਰਿ ਤੇਰੇ ਨਾਲਿ ਫਿਰ ਰਿਹਾ ਹਾਂ ? ਤੂੰ ਮੇਰੀ ਵਿਦਾ ਕਰ।' ਤਾਂ ਗੁਰੂ ਬਾਬੇ ਬੜੇ ਪਿਆਰ ਨਾਲ ਆਖਿਆ, 'ਮਰਦਾਨਿਆ ਕਿਵੇਂ ਰਹੋਂ ਭੀ ?' ਤਾਂ ਮਰਦਾਨੇ ਆਖਿਆ, 'ਜੀ, ਮੇਰੀ ਭੁੱਖ ਜਾਵੇ



Sri Satguru Jagjit Singh Ji Elibrary NamdhariElibrary@gmail.com

ਤਾਂ ਮੈਂ ਤੇਰੇ ਨਾਲਿ ਰਹਾਂ, ਜੋ ਤੇਰਾ ਆਹਾਰ ਹੈ ਸੋ ਮੇਰਾ ਹੋਵੇ। ਨਾਲੇ ਵਚਨੁ ਦੇਵੇਂ ਜੋ ਅਗੇ ਮੇਰੇ ਨਾਲੋਂ ਵਿਛੁੜਹਿ ਨਾਹੀ ਅਤੇ ਮੇਰੇ ਕਰਮ ਵੀਚਾਰੇਂ ਨਾਹੀਂ। ਜੇ ਇਤਨੀਆਂ ਗੱਲਾਂ ਕਰੇਂ ਨਾਹੀ ਤਾਂ ਮੈਨੂੰ ਖੁਸ਼ੀ ਕਰਿ।' ਇਹ ਖਰੇ ਖਰੇ ਬਚਨ ਸੁਣ ਕੇ ਗੁਰੂ ਬਾਬੇ ਨੇ ਮਰਦਾਨੇ ਦੀਆਂ ਇਹ ਸਾਰੀਆਂ ਹੱਕੀ ਮੰਗਾਂ ਪ੍ਰਵਾਨ ਕਰ ਲਈਆਂ ਤੇ ਪ੍ਰਸੰਨ ਹੋ ਕੇ ਕਿਹਾ, 'ਮਰਦਾਨਿਆ, ਤੂੰ ਦੀਨ ਵੀ ਅਰੁ ਦੁਨੀ ਵੀ ਨਿਹਾਲੁ ਹੋਇਆ।' ਪੁਰਾਣੀ ਜਨਮ-ਸਾਖੀ ਦੇ ਅਨੁਸਾਰ ਇਹ ਵਾਰਤਾਲਾਪ ਗੁਰੂ ਨਾਨਕ ਦੀ ਪਹਿਲੀ ਉਦਾਸੀ ਦੇ ਨਾਲ ਸੰਬੰਧਿਤ ਹੈ, ਪਰ ਜਨਮ-ਸਾਖੀ ਗੁਰੂ ਨਾਨਕ (ਭਾਈ ਪੈੜਾ ਮੋਖਾ) ਦੇ ਮੁਤਾਬਿਕ ਇਹ ਚੌਥੀ, ਪੱਛਮ ਦੀ ਉਦਾਸੀ ਦਾ ਕਥਾ-ਪ੍ਰਸੰਗ ਹੈ।

## ਰਜੋਗੁਣੀ ਜੀਵਨ-ਝਲਕ ਤੇ ਇਕ ਪਰਤਾਵਾ :

ਭਾਈ ਮਰਦਾਨਾ ਇਸ ਤਰ੍ਹਾਂ ਗੁਰੂ ਨਾਨਕ ਦੀ ਚੌਥੀ ਉਦਾਸੀ ਦੇ ਨਾਲ ਹੀ ਗਿਆਨ ਭੂਮਿਕਾ ਦੀ ਚੌਥੀ ਅਵਸਥਾ ਤਕ ਪੁੱਜਾ। ਗੁਰੂ ਨਾਨਕ ਪੱਛਮੀ ਦੇਸ਼ਾਂ ਦੀ ਯਾਤਰਾ ਤੋਂ ਬਾਦ ਜਦ ਸੰਮਤ ੧੭੫੮ ਬਿ., ਮੁਤਾਬਿਕ ਸੰਨ ੧੫੨੧ ਈ. ਵਿਚ ਸੈਦ ਪੁਰ (ਏਮਨਾਬਾਦ) ਭਾਈ ਲਾਲੋ ਪਾਸ ਪੁੱਜੇ ਤਾਂ ਕਾਬਲ ਤੋਂ ਮੁਗਲ ਬਾਦਸ਼ਾਹ ਮੀਰ ਬਾਬਰ ਨੇ ਪੰਜਾਬ ਉੱਤੇ ਧਾਵਾ ਕੀਤਾ, ਜੋ ਕਿਸੇ ਦੇਸ਼-ਧਰੋਹੀ ਦੀ ਗਿਣੀ ਮਿੱਥੀ ਵਿਉਂਤ ਦਾ ਨਤੀਜਾ ਸੀ। ਇਸ ਹਮਲੇ ਵਿਚ ਜਿਵੇਂ ਗੁਰੂ ਨਾਨਕ ਦੇ ਸ਼ਬਦ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ, ... ਆਦਿ ਤੋਂ ਪਤਾ ਲਗਦਾ ਹੈ, ਸੈਦਪੁਰ (ਏਮਨਾਬਾਦ) ਦੇ ਸਥਾਨ ਉੱਤੇ ਮੁਗ਼ਲ-ਪਠਾਣਾਂ ਦੀ ਝੜਪ ਹੋਣ ਤੇ ਅਣਗਿਣਤ ਹਿੰਦੂ-ਮੁਸਲਿਮ ਬਾਲ, ਨੌਜਵਾਨ ਤੇ ਬਿਰਧ ਪੁਰਸ਼, ਇਸਤ੍ਰੀਆਂ ਸਮੇਤ, ਮਾਰੇ ਗਏ ਤੇ ਸੈਂਕੜੇ ਮਜ਼ਲੂਮ ਕੈਦ ਵੀ ਕੀਤੇ ਗਏ। ਭਾਈ ਮਰਦਾਨਾ, ਗੁਰੂ ਨਾਨਕ ਵਾਂਗੂੰ ਹੀ, ਮੀਰ ਬਾਬਰ ਦੇ ਹੱਥੋਂ ਇਹ ਅਨੁਚਿਤ ਹੱਤਿਆ-ਕਾਂਡ ਦੇਖ ਕੇ ਜਰ ਨਾ ਸਕਿਆ ਤੇ ਗੁਰੂ ਨਾਨਕ ਪ੍ਰਤੀ ਬੋਲਿਆ, 'ਜੀ, ਇਹ ਤਾਂ ਕਿਸੇ ਇਕਸ ਨੇ ਵਿਗਾੜੀ ਸੀ, ਤਾਂ ਫਿਰ ਇਤਨੇ ਕਿਉਂ ਮਾਰੇ ਗਏ ?' ਗੁਰੂ ਨਾਨਕ ਨੇ ਉੱਤਰ ਵਜੋਂ ਇਕ ਪਰਤਾਵਾ ਦੱਸਣ ਲਈ ਸੁਭਾਵਿਕ ਹੀ ਬਚਨ ਕੀਤਾ, 'ਮਰਦਾਨਿਆ, ਇਸ ਲਸੂੜੇ ਦਰਖ਼ਤ ਹੇਠ ਤੂੰ ਜਾਇ ਸਉਂ, ਜਾਂ ਤੂੰ ਸੁਤਾ ਉਠੇਂਗਾ ਤਾਂ ਤੈਨੂੰ ਜਵਾਬ ਦੇਹਿਗੇ।' ਤਾਂ ਮਰਦਾਨਾ ਮੱਥਾ ਟੇਕ ਕੇ ਜਾਇ ਸੁੱਤਾ। ਤਾਂ ਇਕ ਬੂੰਦ ਚਿਕਨਾਈ ਕੀ ਸੀਨੇ ਉਪਰ ਜਾਇ ਪਈ। ਜਿਉਂ ਸੁੱਤਾ ਥਾ ਤਿਉਂ ਕੀੜੀਆਂ ਆਇ ਚੰਬੜੀਆਂ। ਇਕੁ ਜੋ ਕੀੜੀ ਮਰਦਾਨੇ



Sri Satguru Jagjit Singh Ji Elibrary NamdhariElibrary@gmail.com

ਨੂੰ ਜਾਇ ਲੜੀ ਤਾਂ ਹੱਥਾਂ ਨਾਲ ਸਭੇ ਕੀੜੀਆਂ ਮਲੁ ਸੁਟੀਉਸੁ। ਜਾਂ ਮਰਦਾਨਾ ਸੁੱਤਾ ਜਾਗਿਆ ਤਾਂ ਗੁਰੂ ਨਾਨਕ ਜੀ ਕਹਿਆ, 'ਮਰਦਾਨਿਆ ! ਇਹ ਕਿਆ ਕੀਤੋ ?' ਤਾਂ ਮਰਦਾਨੇ ਅਰਦਾਸ ਕੀਤੀ, 'ਜੀ, ਮਿਹਰਵਾਨ, ਇਕ ਜੋ ਕੀੜੀ ਲੜੀ ਮੈਨੂੰ ਸੁੱਤੇ ਹੋਏ ਨੂੰ, ਤਾਂ ਮੈਂ ਹੱਥ ਨਾਲ ਸਭੇ ਮਲੀਆਂ ਜੀ। ਇਤੁ ਕਾਰਣ ਸਭ ਮਰ ਗਈਆਂ ਹੈ ਜੀ।' ਤਾਂ ਗੁਰੂ ਨਾਨਕ ਜੀ ਹਸੁ ਕੇ ਕਹਿਆ 'ਮਰਦਾਨਿਆ, ਇਸੇ ਤਰ੍ਹਾਂ ਇਹ ਲੋਕ ਵੀ ਰਜੋਗੁਣ ਵਿਚ ਮਰਦੇ ਆਏ ਹਨ।' ਤਾਂ ਭਾਈ ਮਰਦਾਨਾ ਪੰਜਾਬ ਉੱਤੇ ਇਸ ਵਿਦੇਸ਼ੀ ਹਮਲੇ ਵਿਚ ਹੋਏ ਹੱਤਿਆ-ਕਾਂਡ ਦਾ ਅਸਲ ਕਾਰਣ ਸਮਝ ਕੇ ਚੁੱਪ ਹੋ ਰਿਹਾ। ਪੁਰਾਤਨ ਜਨਮ-ਸਾਖੀ ਵਿਚ ਇਹ ਵਾਰਤਾਲਾਪ ਕੁੱਝ ਹੋਰਵੇਂ ਦਿੱਤਾ ਹੋਇਆ ਹੈ।

## ਮੂਲੇ ਕਿਰਾੜ ਦਾ ਤੱਥ-ਪ੍ਰਗਟਾਊ ਆਦਿ-ਅੰਤ :

ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਆਪਣੇ ਯਾਤਰਾ-ਸਾਥੀ ਜਾਤ-ਪਾਤ ਦੇ ਭੇਦ-ਭਾਵ ਤੋਂ ਰਹਿਤ ਉਹੋ ਵਿਅਕਤੀ ਚੁਣੇ ਸਨ ਜੋ ਹਰ ਥਾਵੇਂ ਗੁਰੂ ਸਾਹਿਬ ਦੇ ਕਦਮ ਨਾਲ ਕਦਮ ਮੇਲ ਕੇ ਚੱਲਣ ਦਾ ਹੌਂਸਲਾ ਰੱਖਦੇ ਸਨ। ਭਾਈ ਮਰਦਾਨਾ, ਬਾਲਾ ਸੰਧੂ, ਸੈਦੋ ਘੇਉ, ਸੀਹਾਂ ਛੀਂਬਾ ਤੇ ਹੱਸੂ ਲੁਹਾਰ, ਇਸੇ ਕਿਸਮ ਦੇ ਆਪਾ-ਵਾਰੂ ਉਤਸਾਹੀ ਸਿੱਖ ਹਨ। ਗੁਰੂ ਸਾਹਿਬ ਦੇ ਇਨ੍ਹਾਂ ਸਾਥੀਆਂ ਵਿਚ ਇਕ ਵੇਰ ਮੂਲੇ ਕਿਰਾੜ ਨੇ ਕਦਮ ਰੱਖਣ ਦਾ ਜਤਨ ਵੀ ਕੀਤਾ। ਉਹ ਸਿਆਲਕੋਟ ਦਾ ਹਟਵਾਣੀਆ ਬੜਾ ਦਰਸ਼ਨੀ ਭਗਤ ਤੇ ਅਖੌਤੀ ਬ੍ਰਹਮ-ਗਿਆਨੀ ਸੀ। ਗੁਰੂ ਸਾਹਿਬ ਇਕ ਵਾਰ ਜਦ ਸਿਆਲਕੋਟ ਗਏ ਤਾਂ ਭਾਈ ਮਰਦਾਨੇ ਨੂੰ ਦੋ ਪੈਸੇ ਦੇ ਕੇ ਇਕ ਪੈਸੇ ਦਾ ਸੱਚ ਤੇ ਇਕ ਪੈਸੇ ਦਾ ਝੂਠ ਖ਼ਰੀਦਣ ਲਈ ਬਾਜ਼ਾਰ ਭੇਜਿਆ। ਹੋਰ ਤਾਂ ਕੋਈ ਦੁਕਾਨਦਾਰ ਇਹ ਸੌਦਾ ਦੇਣ ਵਾਸਤੇ ਤਿਆਰ ਨਾ ਹੋਇਆ ਪਰ ਜਦ ਭਾਈ ਮਰਦਾਨਾ ਮੂਲੇ ਦੀ ਦੁਕਾਨ ਤੇ ਗਿਆ ਤਾਂ ਉਸ ਨੇ ਦੋ ਪੈਸੇ ਲੈ ਕੇ ਤੱਪੜ ਹੇਠ ਰੱਖ ਲਏ ਤੇ ਇਕ ਕਾਗ਼ਜ਼ ਦੇ ਟੁਕੜੇ ਉੱਤੇ 'ਮਰਨਾ ਸੱਚ ਤੇ ਜੀਊਣਾ ਝੂਠ' ਲਿਖ ਕੇ ਭੇਜ ਦਿੱਤਾ। ਗੁਰੂ ਸਾਹਿਬ ਉਸ ਦਾ ਇਹ ਬ੍ਰਹਮ-ਗਿਆਨ ਦੇਖ ਕੇ ਬੜੇ ਖ਼ੁਸ਼ ਹੋਏ, ਪਰ ਮੂਲਾ ਕੁੱਝ ਮਾਇਆ-ਜਾਲ ਵਿਚ ਫਸਿਆ ਹੋਇਆ ਸੀ, ਸੋ ਉਚਿਤ ਨਾ ਸਮਝ ਕੇ ਸਾਥੀ ਨਾ ਬਣਾਇਆ ਤੇ ਵਾਪਸ ਪਰਤ ਆਏ।



Sri Satguru Jagjit Singh Ji Elibrary NamdhariElibrary@gmail.com

ਭਾਈ ਮਰਦਾਨੇ ਦੇ ਛੇਕੜਲੇ ਦਿਨ :

ਜਨਮ-ਸਾਖੀ ਗੁਰੂ ਨਾਨਕ (ਭਾਈ ਪੈੜਾ ਮੋਖਾ) ਦੇ ਕਥਨ ਅਨੁਸਾਰ ਭਾਈ ਮਰਦਾਨੇ ਦਾ ਦੇਹਾਂਤ, ਗੁਰੂ ਜੀ ਦੀ ਚੌਥੀ ਉਦਾਸੀ ਸਮੇਂ, ਜਦ ਉਹ ਅਫਗਾਨਿਸਤਾਨ ਥੀਂ ਹੁੰਦੇ ਹੋਏ ਵਾਪਸ ਆ ਰਹੇ ਸਨ, ਦਰਿਆ ਕੁੱਰਮ ਦੇ ਕੰਢੇ ਖੁਰਮੇ ਸ਼ਹਿਰ ਵਿਚ ਹੋਇਆ, ਜਿੱਥੇ ਉਹ ਸਸਕਾਰਿਆ ਗਿਆ ਸੀ, ਪਰ ਪੁਰਾਤਨ ਜਨਮ-ਸਾਖੀ ਗੁਰੂ ਨਾਨਕ ਦੇ ਅਨੁਸਾਰ ਭਾਈ ਮਰਦਾਨਾ ਗੁਰੂ ਸਾਹਿਬ ਦੇ ਨਾਲ ਹੀ ਕਰਤਾਰ ਪੁਰ ਪਰਤ ਆਇਆ ਸੀ। ਮਿਤੀ ਅੱਸੂ ਸੁਦੀ ੧੦, ਸੰਮਤ ੧੫੯੬ ਬਿ. ਨੂੰ ਜਦ ਗੁਰੂ ਨਾਨਕ ਕਰਤਾਰ ਪੁਰ (ਦਰਿਆ ਰਾਵੀ ਕੰਢੇ) ਜੋਤੀ ਜੋਤ ਸਮਾਏ ਸਨ ਤਾਂ ਭਾਈ ਮਰਦਾਨਾ ਉਸ ਸਮੇਂ ਉਨ੍ਹਾਂ ਦੇ ਕੋਲ ਮੌਜੂਦ ਸੀ ਤੇ ਫੇਰ ਗੁਰੂ ਜੀ ਤੋਂ ਪਿੱਛੋਂ ਰਾਵੀ ਦੇ ਕੰਢੇ ਹੀ ਉਸ ਦਾ ਦੇਹਾਂਤ ਹੋਇਆ ਸੀ। ਭਾਈ ਮਰਦਾਨੇ ਦੀ ਜੀਵਨ-ਲੀਲ੍ਹਾ ਨਗਰ ਕਰਤਾਰ ਪੁਰ ਦੇ ਸਥਾਨ ਉੱਤੇ ਕਿਵੇਂ ਸਮਾਪਤ ਹੋਈ, ਏਥੇ ਇਸ ਸੰਬੰਧ ਵਿਚ ਪੁਰਾਤਨ ਜਨਮ ਸਾਖੀ ਵਿੱਚੋਂ ਹੀ ਕੁੱਝ ਪ੍ਰਮਾਣ ਇਸ ਤਰ੍ਹਾਂ ਮਿਲਦੇ ਹਨ :

"(ਜਦ ਗੁਰੂ ਬਾਬਾ ਜੀ ਜੋਤੀ ਜੋਤ ਸਮਾਏ ਤਾਂ) ਸਾਧਾਰਣ ਕੂਕਿਆ ਤੇ ਮਰਦਾਨੇ ਰਬਾਬੀ ਭੀ ਆਇ ਟੋਪੀ ਮਾਰੀ ਭੁਇ ਨਾਲਿ ਜੁ, 'ਮੇਰੇ ਸਾਹਿਬਾ ! ਆਪਣਾ ਵਚਨੁ ਸਮਾਲੁ ਮੈਨੂੰ ਨਾਲਿ ਲੈ ਚਲੁ। ਏਹੁ ਤੇਰਾ ਵਚਨੁ ਸਾ ਕਿ ਤੁਧ ਨੂ ਨਾਲੇ ਲੈ ਚੱਲਾਂਗਾ। ਭਲੀ ਮੇਰੀ ਸਾਰ ਲੀਤੀਆ।' ਹਾਇ, ਹਾਇ ਮਰਦਾਨਾ ਲੱਗਾ ਕਰਨੇ, 'ਮੇਰੇ ਬਾਬਲਾ, ਮੈਨੂੰ ਤੇਰੇ ਉਪਰੁ ਬਹੁਤੁ ਭਰਵਾਸਾ ਸਾ। ਮੇਰੇ ਬਾਬਲਾ ! ਨਾਲਿ ਲੈ ਚਲੁ।' ਤਾਂ ਬਾਬਾ ਨਾਨਕੁ ਉਠਿ ਬੈਠਾ," (ਦੇਖੋ, ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ, ਸਫ਼ਾ ੧੯੧) "ਤਾਂ ਮਰਦਾਨਾ ਅਗੇ ਆਇ ਖੜਾ ਹੋਇਆ। ਤਾਂ ਅੱਗੋਂ ਬਾਬੇ ਆਖਿਆ 'ਮਰਦਾਨਿਆ, ਹਉ ਤੁਧਨੋ ਨਾਲੇ ਹੀ ਲੈ ਚੱਲਾਂਗਾ। ਮੇਰੇ ਬੇਟਾ, ਤੂੰ ਰੋਇ ਨਾਹੀ। ਤੂੰ ਮੇਰੇ ਨਾਲੇ ਹੀ ਰਹੇਗਾ। ਤੂੰ ਮੇਰੇ ਅਗੇ ਕੀਰਤਨ ਕਰਦਾ ਸੀ। ਤੁਧ ਨੂੰ ਹਉ ਛਡੂ ਨ ਜਾਦੀਗਾ। ਤੂੰ ਜੀਉ ਥਾਇ ਰਖੁ।' ਇਤਨੀ ਗੱਲ ਕਹਿ ਕੇ ਬਾਬਾ ਸਮਾਇ ਗਇਆ।" (ਦੇਖੋ, ਸਫ਼ਾ ੧੯੨) ਤਾਂ ਪਿਛੋਂ ਸਿੱਖਾਂ ਨੇ ਦਰਿਆ ਰਾਵੀ ਕੰਢੇ ਚਿਖਾ ਉਸਾਰੀ। ਗੁਰੂ ਬਾਬਾ ਜੀ ਚਿਖਾ ਉਪਰਿ ਪਾਇਓਨੇ। ਮਰਦਾਨਾ ਰਬਾਬੀ ਕੀਰਤਨੁ ਕਰਦਾ ਜਾਇ। ਤਾਂ ਬਾਬੇ ਨੂੰ ਬੇਲੇ ਵਿਚ ਦਾਗੁ ਦਿਤਾ। ਉਪਰ ਚਾਰ ਪਾਹਰੂ ਬਹਾਲੇ। ਚਉਹੀ ਧਿਰੀ ਮਰਦਾਨਾ



Sri Satguru Jagjit Singh Ji Elibrary NamdhariElibrary@gmail.com

ਫਿਰੇ। ਰਾਤੀ ਚਿਖਾ ਊਪਰੁ ਰਹਿਆ। ਜਿਥੇ ਪਹਰੁ ਰਾਤ ਰਹੀ ਤਿਥੇ ਮਹਾ ਬਾਸਨਾ ਆਈ। ਤਾਂ ਅਨਹਦ ਸ਼ਬਦ ਵੱਜਦਾ ਆਇਆ। ਬਿਬਾਨ ਦਰਗਾਹੋਂ ਆਇਆ। ਤਿਤ ਸਮੇਂ ਮਰਦਾਨੇ ਰਬਾਬੀ ਕਹਿਆ ਜੀ, ਮੈਨੂੰ ਭੀ ਨਾਲੇ ਲੈ ਚਲੋ। ਤਾਂ ਗੁਰੂ ਜੀ ਆਖਿਆ, 'ਆਪਿ ਸੁ ਚਲੁ ਜੇ ਤੇਰਾ ਜੀਉ ਹੈ।' ਤਾਂ ਮਰਦਾਨਾ ਲੋਪ ਹੋਇ ਗਇਆ। ਊਹ ਪਰਮੇਸ਼ਰ ਦੀ ਦਰਗਾਹ ਦੋਵੇਂ ਚਲਦੇ ਰਹੇ।" (ਦੇਖੋ ਪੁਰਾਤਨ ਜਨਮ-ਸਾਖੀ, ਸਫ਼ਾ ੧੯੩)। ਪਟਿਆਲੇ ਵਾਲੀ ਪੁਰਾਤਨ ਹੱਥ-ਲਿਖਿਤ ਜਨਮ-ਸਾਖੀ (ਭਾਸ਼ਾ ਵਿਭਾਗ, ਪੰਜਾਬ) ਦੇ ਅਨੁਸਾਰ ਭਾਈ ਮਰਦਾਨਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਅੱਠ ਦਿਨ ਪਿੱਛੋਂ ਸਮਾਇਆ ਸੀ। ਇਸੇ ਤਰ੍ਹਾਂ ਇਕ ਹੋਰ ਹੱਥ-ਲਿਖਿਤ ਜਨਮ-ਸਾਖੀ ਦੇ ਅਨੁਸਾਰ ਦਰਿਆ ਰਾਵੀ ਵਿਚ ਜਲ ਪ੍ਰਵਾਹ ਕਰਨਾ ਲਿਖਿਆ ਹੈ।

### ਭਾਈ ਮਰਦਾਨੇ ਦੀ ਵੰਸ਼ :

ਭਾਈ ਮਰਦਾਨੇ ਤੋਂ ਪਿੱਛੋਂ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਮਰਦਾਨੇ ਦਾ ਪੁੱਤਰ ਭਾਈ ਸਜਾਦਾ ਕੀਰਤਨ ਕਰਦਾ ਰਿਹਾ। ਉਸ ਤੋਂ ਪਿੱਛੋਂ ਉਸੇ ਖ਼ਾਨਦਾਨ ਦੇ ਦੋ ਹੋਰ ਰਬਾਬੀ ਭਾਈ ਸੱਤਾ ਅਤੇ ਬਲਵੰਡ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਗੁਰੂ-ਦਰਬਾਰਾਂ ਵਿਚ ਗੁਰਬਾਣੀ ਦਾ ਅਖੰਡ ਕੀਰਤਨ ਕਰਦੇ ਰਹੇ। ਇਸ ਤਰ੍ਹਾਂ ਭਾਈ ਮਰਦਾਨੇ ਰਬਾਬੀ ਦੀ ਸੰਪ੍ਰਦਾਇ ਦਾ ਗੁਰੂ-ਦਰਬਾਰ ਅਤੇ ਸਿੱਖ-ਇਤਿਹਾਸ ਨਾਲ ਪਰਾ-ਪੂਰਬਲਾ ਸੰਬੰਧ ਸਾਬਤ ਹੁੰਦਾ ਹੈ।

### ਭਾਈ ਮਰਦਾਨੇ ਦਾ ਸਾਹਿੱਤਿਕ ਝੁਕਾਉ :

ਸੰਗੀਤ ਤੇ ਕਾਵਯ-ਕਲਾ ਦਾ ਆਦਿ ਕਾਲ ਤੋਂ ਪਰਸਪਰ ਬੜਾ ਗਹਿਰਾ ਸੰਬੰਧ ਰਿਹਾ ਹੈ। ਇਸ ਲਈ ਸਾਰੇ ਹੀ ਢਾਡੀ ਤੇ ਰਬਾਬੀ ਇਸ ਹੁਨਰ ਨਾਲ ਮੁੱਢੋਂ ਪੂਰੀ ਤਰ੍ਹਾਂ ਸੰਬੰਧਿਤ ਰਹੇ ਹਨ। ਇਸ ਕਾਰਣ ਭਾਈ ਮਰਦਾਨਾ ਰਬਾਬੀ ਵੀ ਸੰਗੀਤ-ਕਲਾ ਦਾ ਮਾਹਿਰ ਹੋਣ ਦੇ ਨਾਲ ਨਾਲ ਕਾਵਯ-ਕਲਾ ਵਿਚ ਵੀ ਬੜਾ ਪ੍ਰਬੀਣ ਸੀ। ਸ੍ਰੀ ਗੁਰੂ ਗ੍ਰੰਥ



Sri Satguru Jagjit Singh Ji Elibrary NamdhariElibrary@gmail.com

ਸਾਹਿਬ ਵਿਚ ਉਸ ਦੇ ਨਾਂ ਤੇ ਮਰਦਾਨਾ ਮਹਲਾ ੧ ਸਿਰਲੇਖ ਵਿਚ ਦੋ ਰੂਪਕ ਅਲੰਕਾਰ ਦੇ ਸ਼ਲੋਕ, ਰਾਗ ਬਿਹਾਗੜੇ ਦੀ ਵਾਰ ਵਿਚ ਮਿਲਦੇ ਹਨ, ਜੋ ਭਾਈ ਮਰਦਾਨੇ ਤੇ ਗੁਰੂ ਨਾਨਕ ਦੀ ਅਧਿਆਤਮਿਕ ਪ੍ਰਸ਼ਨੋਤਰੀ ਵਜੋਂ ਸਾਹਿੱਤਿਕ ਵਿਚਾਰ-ਧਾਰਾ ਦੇ ਪ੍ਰਤੀਕ ਮੰਨੇ ਜਾਂਦੇ ਹਨ। ਉਹ ਦੋਵੇਂ ਸ਼ਲੋਕ ਕ੍ਰਮ ਅਨੁਸਾਰ ਇਹ ਹਨ :

(੧) ਸਲੋਕੁ ਮਰਦਾਨਾ ੧

ਕਲਿ ਕਲਵਾਲੀ ਕਾਮੁ ਮਦੁ, ਮਨੂਆ ਪੀਵਣ ਹਾਰੁ ॥
ਕ੍ਰੋਧ ਕਟੋਰੀ ਮੋਹਿ ਭਰੀ, ਪੀਲਾਵਾ ਅਹੰਕਾਰ ॥
ਮਜਲਸ ਕੂੜੇ ਲਬ ਕੀ, ਪੀ ਪੀ ਹੋਇ ਖੁਆਰੁ ॥
ਕਰਣੀ ਲਾਹਣਿ ਸਤੁ ਗੁੜੁ, ਸਚੁ ਸਰਾ ਕਰਿ ਸਾਰੁ ॥
ਗੁਣ ਮੰਡੇ ਕਰ ਸੀਲੁ ਘਿਉ, ਸਰਮੁ ਮਾਸੁ ਆਹਾਰੁ ॥
ਗੁਰਮੁਖਿ ਪਾਈਐ ਨਾਨਕਾ, ਖਾਧੈ ਜਾਹਿ ਬਿਕਾਰੁ ॥੧॥

(੨) ਸਲੋਕੁ ਮਰਦਾਨਾ ੧

ਕਾਇਆ ਲਾਹਣਿ ਆਪੁ ਮਦੁ, ਮਜਲਸ ਤ੍ਰਿਸ਼ਨਾ ਧਾਤੁ ॥
ਮਨਸਾ ਕਟੋਰੀ ਕੂੜਿ ਭਰੀ, ਪੀਲਾਏ ਜਮ ਕਾਲੁ ॥
ਇਤਿ ਮਦੁ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ ॥
ਗਿਆਨੁ ਗੁੜ ਸਾਲਾਹ ਮੰਡੇ ਭਉ ਮਾਸੁ ਆਹਾਰੁ ॥
ਨਾਨਕ ਇਹੁ ਭੋਜਨ ਸਚੁ ਹੈ, ਸਚ ਨਾਮੁ ਆਧਾਰ ॥੨॥

ਕਾਯਾਂ ਲਾਹਣਿ ਆਪੁ ਮਦੁ, ਅੰਮ੍ਰਿਤੁ ਤਿਸ ਕੀ ਧਾਰ ॥
ਸਤਿ ਸੰਗਤਿ ਸਿਉ ਮੇਲਾਪ ਹੋਇ, ਲਿਵ ਕਟੋਰੀ
ਅੰਮ੍ਰਿਤ ਭਰੀ, ਪੀ ਪੀ ਕਟਹਿ ਬਿਕਾਰੁ ॥੩॥

———



Sri Satguru Jagjit Singh Ji Elibrary NamdhariElibrary@gmail.com

## ਸਹਾਇਕ ਪੁਸਤਕਾਂ ਦੀ ਸੂਚੀ

ਪੰਜਾਬੀ :


ਭਾਈ ਪੈੜਾ ਮੋਖਾ, ਜਨਮ-ਸਾਖੀ ਗੁਰੂ ਨਾਨਕ, ਹੱਥ-ਲਿਖਿਤ, ਸੰ. ੧੮੯੨ ਬਿ.; ਪੁਰਾਣੀ ਜਨਮ ਸਾਖੀ ਗੁਰੂ ਨਾਨਕ, ਹੱਥ-ਲਿਖਿਤ, ਸੰਮਤ ੧੭੫੬ ਬਿ.

ਸ਼ਮਸ਼ੇਰ ਸਿੰਘ ਅਸ਼ੋਕ. (ਸੰਪਾਦਕ), ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੬੯.

ਗਿਆਨੀ ਗੁਰਦਿੱਤ ਸਿੰਘ, (ਸੰਪਾਦਕ), ਅਮਰ ਨਾਮਾ ਪਾਤਸ਼ਾਹੀ ੧੦ਵੀਂ, ਪਟਿਆਲਾ, ੧੯੫੩.

ਕੇਸਰ ਸਿੰਘ ਛਿੱਬਰ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਦਾ, ਹੱਥ-ਲਿਖਿਤ ।

ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਭਾਗ ੧, ਗੁਰੂ ਗੋਬਿੰਦ ਸਿੰਘ ਪ੍ਰੈਸ, ਸਿਆਲਕੋਟ, ੧੮੯੧.

ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਜੀਵਨ ਤੇ ਸੰਸਕ੍ਰਿਤੀ, ਕਸਤੂਰੀ ਲਾਲ ਐਂਡ ਸਨਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ੧੯੬੫.

ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦਾ ਸੰਖੇਪ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, ੧੯੫੧ ਈ.

ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ. ਪਟਿਆਲਾ ੧੯੬੦.




Sri Satguru Jagjit Singh Ji Elibrary NamdhariElibrary@gmail.com

ਹਿੰਦੀ-ਸੰਸਕ੍ਰਿਤ :

ਬ੍ਰਹਮਣੋਤਪੱਤਿ ਮਾਰਤੰਡ (ਭਾਸ਼ਾ ਟੀਕਾ ਸਮੇਤ), ਵੈਨਕਟੇਸ੍ਵਰ ਸਟੀਮ ਪ੍ਰੈਸ, ਬੰਬਈ, ੧੯੫੪. ਪੰਡਿਤ ਜ੍ਵਾਲਾ ਪ੍ਰਸਾਦ ਮਿਸ਼੍ਰ, ਜਾਤਿ ਭਾਸਕਰ (ਸਟੀਕ), ਬੰਬਈ ।

ਢੋਲਾ ਮਾਰੂ ਰਾ ਦੂਹਾ (ਰਾਜਸਥਾਨੀ ਲੋਕ-ਗੀਤ), ਨਾਗਰੀ ਪ੍ਰਚਾਰਿਣੀ ਸਭਾ, ਬਨਾਰਸ ।

ਉਰਦੂ :

ਚੋਧਰੀ ਮੁਹੰਮਦ ਅਫ਼ਜ਼ਲ ਖ਼ਾਨ, ਰਾਜਪੂਤ ਗੋਤੇ, ਲਾਹੌਰ ।

ਤਵਾਰੀਖ਼ ਅਰੋੜਾ ਖ਼ਾਨਦਾਨ, (ਲੇਖਕ ਨਾ ਮਾਲੂਮ), ਲਾਹੌਰ ।

ਸ੍ਰੀ ਰਾਮ ਚਦਰ ਮਨਚੰਦਾ, ਤਵਾਰੀਖ਼ਿ ਅਰੋੜਬੰਸ, ਦਿੱਲੀ, ੧੯੪੯.

ਹਰਿਨਾਮ ਦਾਸ, ਖੱਤਰੀਓਂ ਕੀ ਤਾਰੀਖ਼, ਗੁਜਰਾਂਵਾਲਾ, ੧੯੩੯.

ਰਾਮ ਰੱਖਾ ਮੱਲ ਕਪੂਰ, ਕਸ਼ੱਤਰੀ ਇਤਿਹਾਸ, ਲਾਹੌਰ, ੧੯੩੮.

ਸਲਾਮਤ ਰਾਇ ਦੁਸਾਂਝ, ਮੁਕੰਮਲ ਤਾਰੀਖ਼ਿ ਜੂਦਾਂ, ਲੁਧਿਆਣਾ, ੧੯੩੮.

ਮੌਲਵੀ ਨੂਰ ਅਹਮਦ, ਤਹਕੀਕਾਤਿ ਚਿਸ਼ਤੀ, ਲਾਹੌਰ, ੧੩੨੪ ਬਿ.

ਅੰਗਰੇਜ਼ੀ :

Hutchirson and Vogel, History of the Punjab Hill States (2 Vols.), Lahore, 1933.

Sayed Mohd. Latif, History of the Punjab, Calcutta, 1891.

—, Lahore, Its History, Architectural Remains and Antiquities, Lahore; 1892.



Sri Satguru Jagjit Singh Ji Elibrary NamdhariElibrary@gmail.com

Sir Denzil Ibbetson, Punjab Castes, Lahore, 1916.

Sir Denzil Ibbetson, Mr. E. D., Maclagan and Mr. H. A. Rose, A Glossary of the Tribes and Castes of the Punjab and North-West Frontier Province of India (3rd Vol), Punjab Govt., Lahore.

G. Wilson, Shah Puri-Kangari Glossary, Lahore.

E. O. Brien, Glossary of the Multani Language, Lahore, 1903.

Mohd. Wali—Ullah : Sikh Shrines in West Pakistan, Department of Archaeology, Pakistan, (Ferozsons, Karachi), 1962.



Sri Satguru Jagjit Singh Ji Elibrary NamdhariElibrary@gmail.com

ਜਨਮ-ਸਾਖੀ ਗੁਰੂ ਨਾਨਕ, ਸੋਢੀ ਮਿਹਰਬਾਨ, ਭਾਗ ੧, ੧੯੬੨। ਸ਼ੀਰੀਂ ਫ਼ਰਹਾਦ, ਗਿਆਨੀ ਦਿੱਤ ਸਿੰਘ, ੧੯੬੩। ਜੰਗ ਨਾਮਾ ਸ਼ਾਹ ਮੁਹੰਮਦ, ੧੯੬੪। ਮੌਲਵੀ ਗ਼ੁਲਾਮ ਰਸੂਲ ਦੇ ਕਿੱਸੇ, ੧੯੬੬। ਗੁਰ ਬਿਲਾਸ ਪਾਤਸ਼ਾਹੀ ਦਸਵੀਂ, ਕੋਇਰ ਸਿੰਘ, ੧੯੬੬। ਸ੍ਰੀ ਗੁਰੂ ਸੋਭਾ, ਕਵੀ ਸੈਨਾਪਤਿ. ੧੯੬੭। ਨੀਸਾਣ ਤੇ ਹੁਕਮਨਾਮੇ, ੧੯੬੮। ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ੧੯੬੯।

ਇਤਿਹਾਸਿਕ ਖੋਜ : ਪੰਜਾਬੀ ਪਤ੍ਰ-ਕਲਾ, ੧੯੫੩। ਪੰਜਾਬ ਦੀਆਂ ਲਹਿਰਾਂ (੧੮੫੦-੧੯੧੦), ੧੯੫੪। ਪੰਜਾਬ ਦਾ ਸੰਖੇਪ ਇਤਿਹਾਸ, ੧੯੫੮। ਪੰਜਾਬੀ ਜੀਵਨ ਤੇ ਸੰਸਕ੍ਰਿਤੀ, ੧੯੬੫। ਮੱਧ-ਕਾਲੀਨ ਪੰਜਾਬ (੭੧੨-੧੮੦੦), ੧੯੬੬। ਬੁੱਢਾ ਜੌਹੜ ਦਾ ਇਤਿਹਾਸ. ੧੯੭੦। ਪੰਜਾਬੀ ਵੀਰ-ਪਰੰਪਰਾ (੧੭ਵੀਂ ਸਦੀ). ੧੯੭੧। ਅਠਾਰ੍ਹਵੀਂ ਸਦੀ ਦਾ ਪੰਜਾਬ, ੧੯੭੦। ਗੁਰੂ ਨਾਨਕ ਦੀਆਂ ਧਰਮਸਾਲਾਂ ਤੇ ਗੁਰਦੁਆਰੇ, ੧੯੬੯।

ਲੇਖ ਸੰਗ੍ਰਹਿ : ਧਰਮ, ਸਾਹਿੱਤ ਤੇ ਇਤਿਹਾਸ, ੧੯੪੪। ਸਿੱਖੀ ਤੇ ਸਿੱਖ ਇਤਿਹਾਸ, ੧੯੫੧। ਸਿੱਖ ਰਾਜ ਦਾ ਅੰਤ, ੧੯੫੧। ਸਾਹਿੱਤਕ ਲੀਹਾਂ, ੧੯੫੫।

ਆਲੋਚਨਾ : ਦਸਮ ਗ੍ਰੰਥ ਬਾਰੇ, ੧੯੬੬। ਸੋਢੀ ਮਿਹਰਬਾਨ - ਜੀਵਨ ਤੇ ਸਾਹਿੱਤ, ੧੯੬੮।

ਸਾਹਿੱਤਿਕ ਖੋਜ : ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ, ੧੯੫੩। ਪੰਜਾਬੀ ਹੱਥ-ਲਿਖਤਾਂ ਦੀ ਸੂਚੀ (ਦੋ ਭਾਗ), ੧੯੬੧-੬੩। ਸਾਡਾ ਹੱਥ-ਲਿਖਿਤ ਪੰਜਾਬੀ ਸਾਹਿੱਤ, ੧੯੬੮।

ਜੀਵਨੀਆਂ : ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ, ੧੯੪੫। ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ, ੧੯੬੬। ਵੀਰ-ਨਾਯਕ ਸਰਦਾਰ ਹਰੀ ਸਿੰਘ ਨਲਵਾ, ੧੯੭੨।

ਹਿੰਦੀ ਸਾਹਿੱਤ ਬਾਰੇ ਖੋਜ : ਪੰਜਾਬ ਕਾ ਹਿੰਦੀ ਸਾਹਿਤ੍ਯ, ੧੯੫੭ (ਹਿੰਦੀ ਵਿਚ)।

Sri Satguru Jagjit Singh Ji Elibrary NamdhariElibrary@gmail.com



ਸ਼ਮਸ਼ੇਰ ਸਿੰਘ ਅਸ਼ੋਕ

ਜਨਮ : ੧੦ ਫ਼ਰਵਰੀ ੧੯੦੪ ਈ.

ਪਤਾ : ਰੀਸਰਚ ਸਕਾਲਰ,
ਸਿੱਖ ਰੈਫ਼ਰੈਨਸ ਲਾਇਬ੍ਰੇਰੀ,
ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ।

ਰਚਨਾਵਾਂ :

**ਅਨੁਵਾਦ** : ਮੁਦ੍ਰਾ ਰਾਕਸ਼ਸ ਨਾਟਕ ਕ੍ਰਿਤ ਵਿਸਾਖ ਦੱਤ, ੧੯੩੪। ਆਦਮੀ ਦੀ ਪਰਖ ਕ੍ਰਿਤ ਵਿਦਜਾਪਤਿ ਠਾਕੁਰ, ੧੯੫੬। ਸ੍ਰੀ ਮਦ ਭਗਵਦ ਗੀਤਾ, ੧੯੫੮। ਸਮੇਂ ਦਾ ਸੁਨੇਹਾ ਕ੍ਰਿਤ ਪ੍ਰਿਥਵੀ ਰਾਜ (ਨਾਵਲ), ੧੯੬੦।

**ਸੰਪਾਦਨ** : ਜੰਗ ਨਾਮਾ ਲਾਹੌਰ ਕ੍ਰਿਤ ਕਾਨ੍ਹ ਸਿੰਘ ਬੰਗਾ, ੧੯੪੦। ਮਾਧਵਾਨਲ ਕਾਮ-ਕੰਦਲਾ ਕ੍ਰਿਤ ਆਲਮ, ੧੯੪੬। ਪ੍ਰਾਚੀਨ ਜੰਗਨਾਮੇ, ੧੯੫੦। ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ੧੯੬੦। ਹੀਰ ਵਾਰਿਸ ਸ਼ਾਹ, ੧੯੬੧। ਮੁਕਬਲ ਦੇ ਕਿੱਸੇ, ੧੯੬੧।

Sri Satguru Jagjit Singh Ji Elibrary NamdhariElibrary@gmail.com